ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ

# ਖ਼ਾਲਸਾ ਕਾਲਜ ਪਟਿਆਲਾ

**An Autonomous College**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ,
ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ

**NAAC Accredited 'A' Grade**
**College with 'Potential for Excellence' Status by UGC**
**'Star College Status' by DBT, Govt. of India**

# ਸਾਲਾਨਾ ਰਿਪੋਰਟ

## ਸੈਸ਼ਨ 2019-20


## ਡਾ. ਧਰਮਿੰਦਰ ਸਿੰਘ ਉੱਭਾ

### ਪ੍ਰਿੰਸੀਪਲ

# ਤਤਕਰਾ ਸਾਲਾਨਾ ਰਿਪੋਰਟ 2019-20


1. ਦਾਖ਼ਲੇ
2. ਵਿਦਿਆਰਥੀਆਂ ਦੀਆਂ ਵਿੱਦਿਅਕ ਪ੍ਰਾਪਤੀਆਂ
3. ਅਧਿਆਪਕਾਂ ਦੀਆਂ ਵਿੱਦਿਅਕ ਪ੍ਰਾਪਤੀਆਂ
4. ਅਧਿਆਪਕਾਂ ਦੀ ਨਿਗਰਾਨੀ ਹੇਠ ਮੁਕੰਮਲ ਹੋਇਆ ਪੀਐਚ.ਡੀ. ਦਾ ਖੋਜ ਕਾਰਜ
5. ਬੈਸਟ ਟੀਚਰ ਅਵਾਰਡ
6. ਬੈਸਟ ਰਿਸਰਚਰ ਅਵਾਰਡ
7. ਕਾਲਜ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ
8. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਵੈਬੀਨਾਰ
9. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਵਰਕਸ਼ਾਪਾਂ
10. ਰਾਸ਼ਟਰੀ ਕਵੀ ਦਰਬਾਰ
11. ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ ਪ੍ਰਸਤੁਤ ਖੋਜ ਪੇਪਰ/ਸ਼ਮੂਲੀਅਤ
12. ਰਾਸ਼ਟਰੀ ਕਾਨਫ਼ਰੰਸਾਂ ਵਿੱਚ ਅਧਿਆਪਕਾਂ ਵੱਲੋਂ ਪੋਸਟਰ ਪ੍ਰਸਤੁਤੀ/ਸ਼ਮੂਲੀਅਤ
13. ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵੈਬੀਨਾਰਾਂ ਵਿੱਚ ਅਧਿਆਪਕਾਂ ਵੱਲੋਂ ਸ਼ਮੂਲੀਅਤ
14. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਓਰੀਐਂਟੇਸ਼ਨ ਪ੍ਰੋਗਰਾਮ, ਰਿਫ੍ਰੈਸ਼ਰ ਕੋਰਸ, ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ, ਸ਼ਾਰਟ ਟਰਮ ਕੋਰਸ/ਟ੍ਰੇਨਿੰਗ, ਵਰਕਸ਼ਾਪ ਅਤੇ ਪ੍ਰਦਰਸ਼ਨੀਆਂ ਵਿੱਚ ਲਏ ਗਏ ਭਾਗ
15. ਅਧਿਆਪਕਾਂ ਦੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੇਪਰ
16 ਅਧਿਆਪਕਾਂ ਵੱਲੋਂ ਪ੍ਰਕਾਸ਼ਿਤ ਖੋਜ ਪੁਸਤਕਾਂ/ਸੰਪਾਦਤ ਪੁਸਤਕਾਂ
17. ਅਧਿਆਪਕਾਂ ਦੇ ਰਾਸ਼ਟਰੀ ਅਖਬਾਰਾਂ/ਰਸਾਲਿਆਂ ਵਿੱਚ ਪ੍ਰਕਾਸ਼ਿਤ ਐਡੀਟੋਰੀਅਲ ਲੇਖ
18. ਅਧਿਆਪਕ ਸਾਹਿਬਾਨਾਂ ਦੁਆਰਾ ਦਿੱਤੀ ਗਈ ਜੱਜਮੈਂਟ/ਕਾਨਫ਼ਰੰਸਾਂ ਵਿੱਚ ਚੇਅਰ ਕੀਤੇ ਗਏ ਸੈਸ਼ਨ
19. ਅਧਿਆਪਕਾਂ ਨੂੰ ਮਿਲੇ ਮਾਈਨਰ ਰਿਸਰਚ ਪ੍ਰੋਜੈਕਟ
20. ਸਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ

21. ਐਨ.ਸੀ.ਸੀ. ਆਰਮੀ ਅਤੇ ਏਅਰਵਿੰਗ

22. ਐੱਨ.ਐੱਸ.ਐੱਸ

23. ਕਾਲਜ ਵੱਲੋਂ ਮਨਾਏ ਗਏ ਖ਼ਾਸ ਦਿਵਸ/ਤਿਉਹਾਰ/ਕਰਵਾਏ ਗਏ ਵਿਸ਼ੇਸ਼ ਸਮਾਗਮ

24. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੀਆਂ ਪ੍ਰਾਪਤੀਆਂ

25. ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ

26. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਕੰਪਿਊਟਰ ਸਾਇੰਸ ਅਤੇ ਕੰਪਿਊਟੋਨਿਕਸ ਕਲੱਬ

27. ਬਾਇਓਟੈਕਨਾਲੋਜੀ ਵਿਭਾਗ

28. ਫਿਜ਼ਿਕਸ ਵਿਭਾਗ

29. ਖੇਤੀਬਾੜੀ ਵਿਭਾਗ

30. ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ

31. ਪੋਸਟ ਗ੍ਰੈਜੂਏਟ ਅੰਗ੍ਰੇਜ਼ੀ ਵਿਭਾਗ

32. ਹਿੰਦੀ ਵਿਭਾਗ, ਐਡ ਆਨ ਕੋਰਸ ਟ੍ਰਾਂਸਲੇਸ਼ਨ ਪ੍ਰਾਫ਼ੀਸ਼ੈਂਸੀ

33. ਥੀਏਟਰ ਸਟੱਡੀਜ਼ ਵਿਭਾਗ

34. ਫੋਕ ਆਰਟ ਐਂਡ ਕਲਚਰ ਵਿਭਾਗ

35. ਫਾਈਨ ਆਰਟਸ ਵਿਭਾਗ

36. ਪੀ.ਜੀ. ਵਿਭਾਗ ਫ਼ੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ

37. ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ

38. ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ

39. ਧਰਮ ਅਧਿਐਨ ਵਿਭਾਗ

40. ਪੋਸਟ ਗ੍ਰੈਜੂਏਟ ਅਰਥ ਸ਼ਾਸਤਰ ਵਿਭਾਗ

41. ਪੋਸਟ ਗ੍ਰੈਜੂਏਟ ਸਾਇਕਾਲੋਜੀ ਵਿਭਾਗ

42. ਸੰਗੀਤ ਵਾਦਨ ਵਿਭਾਗ

43. ਪੋਸਟ ਗ੍ਰੈਜੂਏਟ ਗਣਿਤ ਵਿਭਾਗ

44. ਸਮਾਜ ਵਿਗਿਆਨ ਵਿਭਾਗ

45. ਪੋਸਟ ਗ੍ਰੈਜੂਏਟ ਭੂਗੋਲ ਵਿਭਾਗ

46. ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ

47. ਬੀ. ਵਾਕ. ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਵਿਭਾਗ

48. ਬੀ.ਵਾਕ. ਆਟੋ ਮੋਬਾਇਲ ਐਂਡ ਐਡਵਾਂਸਡ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ

49. ਬੀ.ਵਾਕ. ਸਾਫ਼ਟਵੇਅਰ ਡਿਵੈਲਪਮੈਂਟ

50 ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

51 ਇੰਗਲਿਸ਼ ਲਿਟਰੇਰੀ ਸੁਸਾਇਟੀ

52. ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ

52 ਗਰੀਵੈਂਸ ਸੈੱਲ

53 ਪੀ.ਟੀ.ਏ.ਸੈੱਲ

54 ਓਲਡ ਸਟੂਡੈਂਟਸ ਐਸੋਸੀਏਸ਼ਨ (OSA)

55 ਪਬਲੀਕੇਸ਼ਨ ਸੈੱਲ

56 ਲੀਗਲ ਲਿਟਰੇਸੀ ਸੈੱਲ

57 ਲੜਕੀਆਂ ਭਲਾਈ ਕਮੇਟੀ ਅਤੇ ਨੰਨ੍ਹੀ ਛਾਂ ਸੈੱਲ

58 ਲਾਇਬ੍ਰੇਰੀ ਕਮੇਟੀ

60 ਕੈਮ ਕਲੱਬ

61 ਬਰੇਵ ਹਾਰਟਸ ਕਲੱਬ

62 ਵਿਰਾਸਤ ਸੰਭਾਲ ਕਲੱਬ

63 ਡਾ. ਗੰਡਾ ਸਿੰਘ ਕਰੀਅਰ ਗਾਇਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈਂਟਰ

64 ਡਿਸਪੈਂਸਰੀ ਕਮੇਟੀ

65 ਬੱਡੀਜ਼ ਗਰੁੱਪ

66 ਲਾਇਬ੍ਰੇਰੀ

67 ਕਾਲਜ ਮੈਗਜ਼ੀਨ ‘ਨਵੀਆਂ ਪੈੜਾਂ’

# ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ
# ਖ਼ਾਲਸਾ ਕਾਲਜ ਪਟਿਆਲਾ

# ਸਾਲਾਨਾ ਰਿਪੋਰਟ 2019-20

ਸੈਸ਼ਨ 2019-20 ਕਾਲਜ ਵਾਸਤੇ ਬਹੁਤ ਹੀ ਸੁਭਾਗਾ ਰਿਹਾ। ਇਸ ਸੈਸ਼ਨ ਦੌਰਾਨ ਕਾਲਜ ਨੇ ਆਪਣੀ ਸਥਾਪਤੀ ਦੇ ਸਫ਼ਲਤਾਪੂਰਵਕ 60 ਵਰ੍ਹੇ ਪੂਰੇ ਕੀਤੇ ਜਿਨ੍ਹਾਂ ਨੂੰ ਕਾਲਜ ਵੱਲੋਂ ਕੋਵਿਡ-19 ਦੇ ਦੌਰ ਦੌਰਾਨਆਨਲਾਈਨ ਤਿੰਨ ਰੋਜ਼ਾ ਡਾਇਮੰਡ ਜ਼ੁਬਲੀ ਸਮਾਰੋਹਾਂ ਦੇ ਤੌਰ 'ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਗਿਆ।

ਕਾਲਜ ਦੇ ਇਸ ਡਾਇਮੰਡ ਜ਼ੁਬਲੀ ਵਰ੍ਹੇ ਦੌਰਾਨ ਕਾਲਜ ਨੂੰ ਇੰਟਰਨੈਸ਼ਨਲ ਬਰਾਂਡ ਕਨਸਲਟਿੰਗ ਕਾਰਪੋਰੇਸ਼ਨ ਅਮਰੀਕਾ ਦੁਆਰਾ **ਉੱਤਰੀ ਭਾਰਤ ਦੀ ਭਰੋਸੇਮੰਦ ਸਿੱਖਿਆ ਸੰਸਥਾ-2019 ਅਵਾਰਡ** ਨਾਲ ਅਤੇ ਇੰਟਰਨੈਸ਼ਨਲ ਬਰਾਂਡ ਕਨਸਲਟਿੰਗ ਕਾਰਪੋਰੇਸ਼ਨ ਯੂ.ਐੱਸ.ਏ. ਦੁਆਰਾ ਬੈਂਕਾਕ ਵਿਖੇ **ਏਸ਼ੀਅਨ ਐਜੂਕੇਸ਼ਨ ਅਵਾਰਡ-2019** ਨਾਲ ਸਨਮਾਨਿਤ ਕੀਤਾ ਗਿਆ।

ਇਸ ਸੈਸ਼ਨ ਦੌਰਾਨ ਕਾਲਜ ਦੇ ਫਿਜ਼ਿਕਸ, ਕੈਮਿਸਟਰੀ, ਮੈਥੇਮੈਟਿਕਸ ਅਤੇ ਬਾਇਓਟੈਕਨਾਲੋਜੀ ਵਿਭਾਗਾਂ ਨੂੰ DBT ਨਵੀਂ ਦਿੱਲੀ ਦੁਆਰਾ **ਸਟਾਰ ਕਾਲਜ ਸਕੀਮ ਲਈ ਚੁਣਿਆ ਗਿਆ** ਅਤੇ ਇਹਨਾਂ ਦੇ ਹੋਰ ਵਿਕਾਸ ਲਈ ਗਰਾਂਟ ਮੁਹੱਈਆ ਕੀਤੀ ਗਈ।

ਇਸ ਸੈਸ਼ਨ ਦੌਰਾਨ ਕਾਲਜ ਦੇ ਹੋਣਹਾਰ ਖਿਡਾਰੀ ਸੰਗਮਪ੍ਰੀਤ ਸਿੰਘ ਬਿਸਲਾ ਨੇ ਯੂਥ ਵਰਲਡ ਆਰਚਰੀ ਚੈਂਪੀਅਨਸ਼ਿਪ ਮੈਡਰਿਡ ਸਪੇਨ ਵਿਖੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਅਤੇ ਬਰਾਂਜ਼ ਮੈਡਲ ਹਾਸਿਲ ਕਰਕੇ ਕਾਲਜ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।

ਕਾਲਜ ਵਾਸਤੇ ਇਹ ਵੀ ਮਾਣ ਵਾਲੀ ਗੱਲ ਹੈ ਕਿ ਇਸ ਸੈਸ਼ਨ ਦੌਰਾਨ ਕਾਲਜ ਦੇ ਬਾਇਓਟੈੱਕ ਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ **ਡਾ. ਸਰਬਜੀਤ ਸਿੰਘਆਹਲੂਵਾਲੀਆ**ਅਤੇ ਖੋਜਾਰਥਣ **ਅਨਾਮਿਕਾ ਪੋਖਰੀਆ** ਦੀ ਰੰਗਦਾਰ ਗੰਦੇ ਪਾਣੀ ਨੂੰ ਸਾਫ਼ ਕਰਨ ਸਬੰਧੀ ਕੀਤੀ ਗਈ ਖੋਜ ਦਾ ਪੇਟੈਂਟ "Bioremediation of Reactive dyes with Paenibacillus Sp (2483-DEL-2014) ਵੱਲੋਂ 332014 ਨੰਬਰ ਤੇ 14:2:2020 ਨੂੰ ਭਾਰਤ ਸਰਕਾਰ ਵੱਲੋਂ ਪੇਟੈਂਟ ਗਰਾਂਟ ਕੀਤਾ ਗਿਆ, ਇਹ ਖ਼ਾਲਸਾ ਕਾਲਜ ਪਟਿਆਲਾ ਦਾ ਪਲੇਠਾ ਪੇਟੈਂਟ ਹੈ।

ਇਸ ਸੈਸ਼ਨ ਦੌਰਾਨ ਕਾਲਜ ਵੱਲੋਂ ਤਿੰਨ ਸਵੈ ਰੋਜ਼ਗਾਰਯੋਗ ਸਰਟੀਫਿਕੇਟ ਕੋਰਸ - ਸਰਟੀਫਿਕੇਟ ਕੋਰਸ ਇਨ ਸਿੱਖ ਸਟੱਡੀਜ਼, ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੰਨਫੈਕਸ਼ਨਰੀ, ਸਰਟੀਫਿਕੇਟ ਕੋਰਸ ਇਨ ਵੈੱਬਸਾਈਟ ਡਿਵੈਲਪਮੈਂਟ - ਸ਼ੁਰੂ ਕੀਤੇ ਗਏ।

**1. ਦਾਖ਼ਲੇ:**

ਕਾਲਜ ਵਿੱਚ ਸੈਸ਼ਨ 2019-20 ਦੌਰਾਨ 6301 ਵਿਦਿਆਰਥੀਆਂ ਨੇ ਦਾਖ਼ਲਾ ਲਿਆ ਜਿਨ੍ਹਾਂ ਵਿੱਚ ਕੁੱਲ 4041 ਲੜਕੇ ਅਤੇ 2260 ਲੜਕੀਆਂ ਹਨ।

**2. ਵਿਦਿਆਰਥੀਆਂ ਦੀਆਂ ਵਿੱਦਿਅਕ ਪ੍ਰਾਪਤੀਆਂ:**

ਕਾਲਜ ਦੇ ਮਿਹਨਤੀ ਸਟਾਫ ਦੀ ਦੇਖ-ਰੇਖ ਅਧੀਨ ਕਾਲਜ ਦੇ ਵਿਦਿਆਰਥੀਆਂ ਨੇ ਸੈਸ਼ਨ 2018-19 ਦੀਆਂ ਪ੍ਰੀਖਿਆਵਾਂ ਦੌਰਾਨ ਕਾਬਲ-ਏ-ਤਾਰੀਫ਼ ਮੱਲਾਂ ਮਾਰੀਆਂ। ਕਾਲਜ ਦੇ ਹੇਠ ਲਿਖੇ ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ ਲੈ ਕੇ ਆਪਣੀ-ਆਪਣੀ ਕਲਾਸ ਵਿੱਚ ਕਾਲਜ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਬੀ.ਐਸਸੀ. ਨਾਨ-ਮੈਡੀਕਲ ਭਾਗ ਪਹਿਲਾ ਦੀ ਗੁਰਪ੍ਰੀਤ ਕੌਰ ਨੇ 9.10 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਨਾਨ-ਮੈਡੀਕਲ ਭਾਗ ਦੂਜਾ ਦੀ ਸ਼ਿਮੋਨਾ ਨੇ 8.90 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਨਾਨ-ਮੈਡੀਕਲ ਭਾਗ ਤੀਜਾ ਦੀ ਸੁਮਨਦੀਪ ਕੌਰ ਨੇ 9.14 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਮੈਡੀਕਲ ਭਾਗ ਪਹਿਲਾ ਦੀ ਮਨਪ੍ਰੀਤ ਕੌਰ ਨੇ 8.58 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਮੈਡੀਕਲ ਭਾਗ ਦੂਜਾ ਦੀ ਗੁਰਪ੍ਰੀਤ ਸ਼ਰਮਾ ਨੇ 8.97 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਐਸਸੀ. ਮੈਡੀਕਲ ਭਾਗ ਤੀਜਾ ਦੀ ਉਪਨਿੰਦਰ ਕੌਰ ਨੇ 9.10 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਐਗਰੀਕਲਚਰ ਭਾਗ ਪਹਿਲਾ ਦੇ ਬੰਟੀ ਸੈਣੀ ਨੇ 9.06 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਐਸਸੀ. ਆਨਰਜ਼ ਐਗਰੀਕਲਚਰ ਭਾਗ ਦੂਜਾ ਦੇ ਗੁਰਪ੍ਰੀਤ ਸਿੰਘ ਨੇ 8.86 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਆਨਰਜ਼ ਐਗਰੀਕਲਚਰ ਭਾਗ ਤੀਜਾ ਦੀ ਨਵਪ੍ਰੀਤ ਕੌਰ ਨੇ 9.07 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਬਾਇਓਟੈਕਨਾਲੋਜੀ ਭਾਗ ਪਹਿਲਾ ਦੀ ਅਰਸ਼ਵੀਰ ਕੌਰ ਹੰਸ ਨੇ 9.03 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਆਨਰਜ਼ ਬਾਇਓਟੈਕਨਾਲੋਜੀ ਭਾਗ ਦੂਜਾ ਦੀ ਮਹਿਕਪ੍ਰੀਤ ਕੌਰ ਨੇ 8.61 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਐਸਸੀ. ਆਨਰਜ਼ ਬਾਇਓਟੈਕਨਾਲੋਜੀ ਭਾਗ ਤੀਜਾ ਦੀ ਨਵਦੀਪ ਕੌਰ ਨੇ 8.83 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਸੀ.ਐਸ.ਐਮ. ਭਾਗ ਦੂਜਾ ਦੀ ਕੋਮਲਦੀਪ ਕੌਰ ਵਿਰਦੀ ਨੇ 9.07 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਐਸਸੀ. ਸੀ.ਐਸ.ਐਮ. ਭਾਗ ਤੀਜਾ ਦੀ ਹਰਪ੍ਰੀਤ ਕੌਰ ਨੇ 8.83 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ ਪਹਿਲਾ ਦੀ ਗੁਰਪ੍ਰੀਤ ਕੌਰ ਨੇ 9.00 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ

ਦੂਜਾ ਦੀ ਸਿਫ਼ਤੀ ਨੇ 8.86 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ ਤੀਜਾ ਦੀ ਐਸ਼ਵਿਤਾ ਵਾਸਨ ਨੇ 9.13 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਫਿਜ਼ਿਕਸ ਭਾਗ ਪਹਿਲਾ ਦੀ ਸਿਮਰਨ ਕੌਰ ਨੇ 8.73 ਸੀ.ਜੀ.ਪੀ.ਏ ਲੈ ਕੇ ਅਤੇ ਬੀ.ਐਸਸੀ. ਆਨਰਜ਼ ਫਿਜ਼ਿਕਸ ਭਾਗ ਤੀਜਾ ਦੀ ਵਿਧੀ ਦੈਂਬਲਾ ਨੇ 8.90 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਪਹਿਲਾ ਦੀ ਸਿਮਰਨਪ੍ਰੀਤ ਕੌਰ ਨੇ 9.19 ਸੀ.ਜੀ.ਪੀ.ਏ. ਲੈ ਕੇ, ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਦੂਜਾ ਦੀ ਜਸਪ੍ਰੀਤ ਕੌਰ ਨੇ 9.37 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਤੀਜਾ ਦੀ ਦੀਵਾਂਗੀ ਸ਼ਰਮਾ ਨੇ 9.23 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਕਾਮ. ਭਾਗ ਪਹਿਲਾ ਦੀ ਪ੍ਰਭਪ੍ਰੀਤ ਕੌਰ ਨੇ 8.82 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਕਾਮ. ਭਾਗ ਦੂਜਾ ਦੀ ਦ੍ਰਿਸ਼ਟੀ  ਨੇ 9.13 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਕਾਮ. ਭਾਗ ਤੀਜਾ ਦੀ ਮਨਮੀਤ ਕੌਰ ਨੇ 9.23 ਸੀ.ਜੀ.ਪੀ.ਏ. ਪਹਿਲਾ ਸਥਾਨ ਹਾਸਲ ਕੀਤਾ। ਬੀ.ਕਾਮ. ਆਨਰਜ਼ ਭਾਗ ਦੂਜਾ ਦੀ ਅਮਰਿੰਦਰ ਕੌਰ ਨੇ 8.94 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਕਾਮ. ਆਨਰਜ਼ ਭਾਗ ਤੀਜਾ ਦੀ ਰਮਨਦੀਪ ਕੌਰ ਨੇ 8.74 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਬੀ.ਏ. ਭਾਗ ਪਹਿਲਾ ਦੀ ਰਚਨਾ, ਜਸਮੀਨ ਕੌਰ ਅਤੇ ਹਿਮਸ਼ਿਖਾ ਸੈਣੀ ਨੇ 8.68 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਬੀ.ਏ. ਭਾਗ ਦੂਜਾ ਦੀ ਅਮਰੋਜ਼ ਕੌਰ ਨੇ 8.8 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਬੀ.ਏ. ਭਾਗ ਤੀਜਾ ਦੀ ਸਾਕਸ਼ੀ ਰਾਣੀ ਨੇ 8.96 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਸੀ.ਏ. ਭਾਗ ਦੂਜਾ ਦੇ ਪਰਦੀਪ ਸਿੰਘ ਨੇ 9.07 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਸੀ.ਏ. ਭਾਗ ਤੀਜਾ ਦੀ ਗੁਰਬਖਸ਼ ਕੌਰ ਨੇ 8.53 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਏ. ਭਾਗ ਪਹਿਲਾ ਦੇ ਸਿਮਰਨਦੀਪ ਕੌਰ ਨੇ 9.00 ਸੀ.ਜੀ.ਪੀ.ਏ. ਲੈ ਕੇ, ਬੀ.ਏ. ਭਾਗ ਦੂਜਾ ਦੀ ਨੈਨਾ ਕਿੰਗਰ ਨੇ 9.22 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਏ. ਭਾਗ ਤੀਜਾ ਦੀ ਜਯੋਤੀ ਨੇ 8.96 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੀ.ਏ. ਆਨਰਜ਼ ਸੋਸ਼ਲ ਸਾਇੰਸ ਭਾਗ ਪਹਿਲਾ ਦੇ ਅਮਨਦੀਪ ਕੌਰ ਨੇ 8.89 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਏ. ਆਨਰਜ਼ ਇੰਗਲਿਸ਼ ਭਾਗ ਪਹਿਲਾ ਦੀ ਭੁਪੇਂਦਰ ਕੌਰ ਨੇ 8.76 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਭਾਗ ਪਹਿਲਾ ਦੇ ਦਵਿੰਦਰ ਸਿੰਘ ਨੇ 8.76 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.ਸਾਫ਼ਟਵੇਅਰ ਡਿਵੈਲਪਮੈਂਟ ਭਾਗ

ਪਹਿਲਾ ਦੇ ਰਤਨਪ੍ਰਤਾਪ ਸਿੰਘ ਨੇ 8.8 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਵਾਕ.ਸਾਫ਼ਟਵੇਅਰ ਡਿਵੈਲਪਮੈਂਟ ਭਾਗ ਤੀਜਾ ਦੀ ਪੁਸ਼ਪਦੀਪ ਕੌਰ 8.68 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.ਆਟੋ ਮੋਬਾਇਲ ਭਾਗ ਪਹਿਲਾ ਦੇ ਜਤਿੰਦਰ ਸਿੰਘ ਨੇ 8.75 ਸੀ.ਜੀ.ਪੀ.ਏ ਲੈ ਕੇ ਅਤੇ ਬੀ.ਵਾਕ.ਆਟੋ ਮੋਬਾਇਲ ਭਾਗ ਦੂਜਾ ਦੇ ਗੁਰਮੀਤ ਸਿੰਘ ਨੇ 8.5 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.ਐਗਰੀਕਲਚਰ ਭਾਗ ਪਹਿਲਾ ਦੇ ਰਣਜੋਧ ਸਿੰਘ ਨੇ 8.83 ਸੀ.ਜੀ.ਪੀ.ਏ. ਲੈ ਕੇ ਅਤੇ ਬੀ.ਵਾਕ.ਐਗਰੀਕਲਚਰ ਭਾਗ ਤੀਜਾ ਦੀ ਪਰਦੀਪ ਕੌਰ 8.67 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਕਾਮ. ਭਾਗ ਪਹਿਲਾ ਦੀ ਅਮਨਜੋਤ ਕੌਰ ਨੇ 8.89 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਕਾਮ. ਭਾਗ ਦੂਜਾ ਦੀ ਲਵਿਕਾ ਨੇ 9.26 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਬੀ.ਏ. (ਐਲ.ਡੀ.) ਭਾਗ ਪਹਿਲਾ ਦੀ ਕੋਮਲਪ੍ਰੀਤ ਕੌਰ ਨੇ 9.05 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਬੀ.ਏ. (ਐਲ.ਡੀ.) ਭਾਗ ਦੂਜਾ ਦੀ ਸਿਮਰਨਜੀਤ ਕੌਰ ਨੇ 8.70 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਕਮਿਸਟਰੀ ਭਾਗ ਪਹਿਲਾ ਦੀ ਹਰਮਿੰਦਰ ਕੌਰ ਨੇ 8.92 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਐਸਸੀ. ਕਮਿਸਟਰੀ ਭਾਗ ਦੂਜਾ ਦੀ ਨੇਹਾ ਰਾਣੀ ਨੇ 8.66 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਫਿਜ਼ਿਕਸ ਭਾਗ ਦੂਜਾ ਦੀ ਮਹੀਪ ਕੌਰ ਨੇ 8.67 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਫੈਸ਼ਨ ਡਿਜ਼ਾਇੰਨਿੰਗ ਐਂਡ ਟੈਕਨਾਲੌਜੀ ਭਾਗ ਪਹਿਲਾ ਦੀ ਮਨਿੰਦਰ ਕੌਰ ਨੇ 8.75 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਐਸਸੀ.ਫੈਸ਼ਨ ਡਿਜ਼ਾਇੰਨਿੰਗ ਐਂਡ ਟੈਕਨਾਲੌਜੀ ਭਾਗ ਦੂਜਾ ਦੀ ਪਰਮਿੰਦਰ ਕੌਰ ਨੇ 8.70 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਐਗਰੋਨੋਮੀ ਭਾਗ ਪਹਿਲਾ ਦੇ ਗੁਰਿੰਦਰ ਸਿੰਘ ਅਤੇ ਮਨਮੀਤ ਕੌਰ ਨੇ 8.52 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਐਸਸੀ. ਐਗਰੋਨੋਮੀ ਭਾਗ ਦੂਜਾ ਦੇ ਅਮਨਦੀਪ ਸ਼ਰਮਾ 9.30 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਵੈਜੀਟੇਬਲ ਸਾਇੰਸ ਭਾਗ ਪਹਿਲਾ ਦੀ ਜੀਵਨਜੋਤ ਕੌਰ ਨੇ 9.18 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਆਈ.ਟੀ. ਭਾਗ ਪਹਿਲਾ ਦੀ ਰਮਨਜੀਤ ਕੌਰ ਨੇ 9.2 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਐਸਸੀ. ਆਈ.ਟੀ. ਭਾਗ ਦੂਜਾ ਦੀ ਰਮਨਜੀਤ ਕੌਰ ਨੇ 8.84 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਪੀ.ਜੀ.ਡੀ.ਸੀ.ਏ. ਦੀ ਨੇਹਾ ਮਹਿਤਾ ਨੇ 8.90 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਮੈਥੇਮੈਟਿਕਸ ਭਾਗ ਪਹਿਲਾ ਦੀ

ਗੁਰਪ੍ਰੀਤ ਕੌਰ ਨੇ 9.8 ਸੀ.ਜੀ.ਪੀ.ਏ ਲੈ ਕੇ, ਐਮ.ਐਸਸੀ. ਮੈਥੇਮੈਟਿਕਸ ਭਾਗ ਦੂਜਾ ਦੀ ਲਖਵਿੰਦਰ ਕੌਰ ਨੇ 9.70 ਸੀ.ਜੀ.ਪੀ.ਏ ਲੈ ਕੇ ਅਤੇ ਗੀਤਿਕਾ ਸਿੰਗਲਾ ਨੇ 9.70 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਸਟੈਟੇਸਟਿਕਸ ਭਾਗ ਦੂਜਾ ਦੀ ਤਮੰਨਾ ਰਾਣੀ ਨੇ 8.53 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਮਿਊਜ਼ਿਕ ਵੋਕਲ ਭਾਗ ਪਹਿਲਾ ਦੇ ਗੁਰਪ੍ਰੀਤ ਸਿੰਘ ਅਤੇ ਨਵਜੋਤ ਸਿੰਘ ਨੇ 8.75 ਸੀ.ਜੀ.ਪੀ.ਏ ਲੈ ਕੇ ਅਤੇ ਐਮ.ਏ. ਮਿਊਜ਼ਿਕ ਵੋਕਲ ਭਾਗ ਦੂਜਾ ਦੀ ਮਨੀਸ਼ਾ ਨੇ 9.25 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਸਾਇਕਾਲੋਜੀ ਭਾਗ ਪਹਿਲਾ ਦੀ ਅਮਨਦੀਪ ਕੌਰ ਨੇ 9.00 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਪੁਲੀਟੀਕਲ ਸਾਇੰਸ ਭਾਗ ਪਹਿਲਾ ਦੀ ਸਵਿਤਾ ਰਾਣੀ ਨੇ 8.62 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਇਕਨਾਮਿਕਸ ਭਾਗ ਪਹਿਲਾ ਦੀ ਪ੍ਰਿਯਾ ਨੇ 8.9 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਡਵਾਂਸਡ ਡਿਪਲੋਮਾ ਇਨ ਫਰੈਂਚ ਦੀ ਪੁਸ਼ਪਿੰਦਰ ਕੌਰ ਨੇ 8.50 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਇਨਟੈਂਸਿਵ ਡਿਪਲੋਮਾ ਇਨ ਫਰੈਂਚ ਦੀ ਹਰਪ੍ਰੀਤ ਕੌਰ ਨੇ 9.13 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ।

**3. ਅਧਿਆਪਕਾਂ ਦੀਆਂ ਵਿੱਦਿਅਕ ਪ੍ਰਾਪਤੀਆਂ:**

ਇਸ ਸੈਸ਼ਨ ਦੌਰਾਨ **ਡਾ. ਅਮਨਦੀਪ ਕੌਰ ਸਿੱਧੂ** ਨੇ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ, **ਡਾ. ਭਰਤ ਗੋਇਲ** ਨੇ ਮਹਾਂਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੁਲਾਨਾ, ਅੰਬਾਲਾ ਅਤੇ **ਡਾ. ਰੋਜ਼ੀ ਬਾਂਸਲ** ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਤੋਂ ਆਪਣੀ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

**4. ਅਧਿਆਪਕਾਂ ਦੀ ਨਿਗਰਾਨੀ ਹੇਠ ਮੁਕੰਮਲ ਹੋਇਆ ਪੀਐਚ.ਡੀ. ਦਾ ਖੋਜ ਕਾਰਜ:**

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਪੁਸ਼ਪਿੰਦਰ ਕੌਰ ਸੁਪਰਵਾਈਜ਼ਰ ਅਤੇ ਕੋ-ਸੁਪਰਵਾਈਜ਼ਰ ਸੁਮਨਪ੍ਰੀਤ ਕੌਰ, ਮੁਖੀ ਭਾਸ਼ਾ ਵਿਗਿਆਨ ਅਤੇ ਕੋਸ਼ਕਾਰੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਦੇਖ-ਰੇਖ ਹੇਠ ਰਿਸਰਚ ਫੈਲੋ ਲਖਵਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ "ਬੌਰੀਆ ਜਾਤੀ ਦਾ ਭਾਸ਼ਾਈ ਅਤੇ ਸਭਿਆਚਾਰਕ ਅਧਿਐਨ" ਵਿਸ਼ੇ 'ਤੇ ਪੀਐਚ.ਡੀ. ਦਾ ਖੋਜ ਕਾਰਜ ਮੁਕੰਮਲ ਕੀਤਾ ਅਤੇ ਡਿਗਰੀ ਪ੍ਰਾਪਤ ਕੀਤੀ।

**5. ਬੈਸਟ ਟੀਚਰ ਅਵਾਰਡ:**

**ਡਾ. ਨਿਪੁੰਨਜੋਤ ਕੌਰ,** ਬਾਇਓਟੈਕਨਾਲੋਜੀ ਵਿਭਾਗ ਨੂੰ ਫ਼ਰਵਰੀ 2020 ਵਿੱਚ ਆਈ.ਐੱਨ.ਐੱਸ.ਸੀ. ਬੈਂਗਲੁਰੂ ਵੱਲੋਂ ਬੈਸਟ ਟੀਚਰ ਅਵਾਰਡ ਦਾ ਸਨਮਾਨ ਪ੍ਰਾਪਤ ਹੋਇਆ।

**6. ਬੈਸਟ ਰਿਸਰਚਰ ਅਵਾਰਡ:**

**ਡਾ. ਸਰਬਜੀਤ ਸਿੰਘ ਆਹਲੂਵਾਲੀਆ,** ਬਾਇਓਟੈਕਨਾਲੋਜੀ ਵਿਭਾਗ ਨੂੰ ਵਿਸ਼ਾਖਾਪਟਨਮ ਵਿਖੇ ਹੋਈ 2nd Inernational Scientist Awards on Engineering, Science and Medicine" ਵਿੱਚ ਮਿਤੀ 15-16, 2019 ਨੂੰ ਬੈਸਟ ਰਿਸਰਚਰ ਅਵਾਰਡ ਮਿਲਿਆ।

## ਕਾਲਜ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ, ਰਾਸ਼ਟਰੀ ਵੈਬੀਨਾਰ, ਰਾਸ਼ਟਰੀ ਵਰਕਸ਼ਾਪਅਤੇ ਰਾਸ਼ਟਰੀ ਕਵੀ ਦਰਬਾਰ

**7. ਕਾਲਜ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ:**
**ਤੀਜੀ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ:**

ਮਿਤੀ 12 ਅਤੇ 13 ਮਾਰਚ, 2020 ਨੂੰ ਕਾਲਜ ਦੇ ਡਾਇਮੰਡ ਜੁਬਲੀ ਵਰ੍ਹੇ ਨੂੰ ਸਮਰਪਿਤ ਦੋ ਰੋਜ਼ਾ ਤੀਜੀ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ ਕਰਵਾਈ ਗਈ। ਇਸ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਨੇ ਕੀਤੀ ਅਤੇ ਭਾਰਤ ਸਰਕਾਰ ਦੇ ਮੈਂਬਰ ਪਾਰਲੀਮੈਂਟ ਸ੍ਰ. ਬਲਵਿੰਦਰ ਸਿੰਘ ਜੀ ਭੂੰਦੜ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਇਸ ਕਾਨਫ਼ਰੰਸ ਦਾ ਕੁੰਜੀਵਤ ਭਾਸ਼ਨ ਦਿੱਲੀ ਯੂਨੀਵਰਸਿਟੀ ਦਿੱਲੀ ਦੇ ਪ੍ਰੋਫੈਸਰ ਡਾ. ਰਵੇਲ ਸਿੰਘ ਨੇ ਦਿੱਤਾ। ਸਮਾਪਨ ਸਮਾਰੋਹ ਦੇ ਮੁੱਖ ਮਹਿਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਾਇਰੈਕਟਰ ਐਜੂਕੇਸ਼ਨ ਡਾ. ਤੇਜਿੰਦਰ ਕੌਰ ਧਾਲੀਵਾਲ ਸਨ। ਇਸ ਕਾਨਫ਼ਰੰਸ ਵਿਚ ਭਾਰਤ ਦੇ ਨਾਲ-ਨਾਲ ਯੂ.ਕੇ., ਨਿਊਜ਼ੀਲੈਂਡ, ਯੂ.ਐਸ.ਏ., ਕਨੇਡਾ, ਜਪਾਨ ਅਤੇ ਆਸਟਰੇਲੀਆ ਆਦਿ ਤੋਂ ਆਏ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ।

**8. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਵੈਬੀਨਾਰ:**

**ਕੁਛ ਬੀ ਹੋ ਸਕਤਾ ਹੈ:**

ਕਾਲਜ ਦੇ ਅਰਥ ਸਾਸ਼ਤਰ ਵਿਭਾਗ ਵੱਲੋਂ ਮਿਤੀ 05 ਜੂਨ 2020 ਨੂੰ ਕੁਛ ਬੀ ਹੋ ਸਕਤਾ ਹੈ ਵਿਸ਼ੇ 'ਤੇ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬਾਲੀਵੁੱਡ ਲੇਖਕ, ਐਕਟਰ ਅਤੇ ਡਾਇਰੈਕਟਰ ਸ਼੍ਰੀ ਕਰਨ ਰਾਜਦਾਨ ਨੇ ਬਤੌਰ ਪ੍ਰਮੁੱਖ ਵਕਤਾ ਸ਼ਿਰਕਤ ਕੀਤੀ।

## 9. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਵਰਕਸ਼ਾਪਾਂ:

### 9.1 ਬੌਧਿਕ ਜਾਇਦਾਤ ਦਾ ਹੱਕ:

ਕਾਲਜ ਦੇ ਆਈ.ਕਿਊ.ਏ.ਸੀ. ਸੈੱਲ ਵੱਲੋਂ ਦਸੰਬਰ 2019 ਵਿਚ ਕਾਲਜ ਵਿਖੇ ਬੌਧਿਕ ਜਾਇਦਾਤ ਦਾ ਹੱਕ ਵਿਸ਼ੇ 'ਤੇ ਇਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਪੰਜਾਬ ਸਟੇਟ ਕੌਂਸਲ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ ਦੀ ਸ੍ਰੀਮਤੀ ਦਿਵਿਆ ਕੌਸ਼ਿਕ ਨੇ ਸਬੰਧਤ ਵਿਸ਼ੇ 'ਤੇ ਵਿਚਾਰ ਚਰਚਾ ਕੀਤੀ।

### 9.2 ਫਿਜ਼ੀਕਲ ਸਾਇੰਸ ਵਿਚ ਖੋਜ ਵਿਧੀ:

ਮਿਤੀ 15 ਫ਼ਰਵਰੀ, 2020 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਫਿਜ਼ਿਕਸ ਵਿਭਾਗ ਦੁਆਰਾ "ਫਿਜ਼ੀਕਲ ਸਾਇੰਸ ਵਿਚ ਖੋਜ ਵਿਧੀ" ਵਿਸ਼ੇ 'ਤੇ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਆਈ.ਐੱਸ.ਈ.ਆਰ. ਮੋਹਾਲੀ, ਪੰਜਾਬ ਦੇ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਡਾ. ਅਰਵਿੰਦ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

### 9.3 ਬੇਸਿਕਸ ਆਫ਼ ਰੀਆਓਲੌਜੀ ਐਂਡ ਡਾਇਨਾਮਿਕ ਲਾਇਟ ਸਕੈਟਰਿੰਗ:

ਮਿਤੀ 6 ਮਾਰਚ, 2020 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਵੱਲੋਂ ਐਨਟੋਨ ਪਾਰ ਕੰਪਨੀ ਦੇ ਸਹਿਯੋਗ ਨਾਲ ਬੇਸਿਕਸ ਆਫ਼ ਰੀਆਓਲੌਜੀ ਐਂਡ ਡਾਇਨਾਮਿਕਸ ਲਾਇਟ ਸਕੈਟਰਿੰਗ ਵਿਸ਼ੇ 'ਤੇ ਇਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਐਨਟੋਨ ਪਾਰ ਕੰਪਨੀ ਦੇ ਸੇਲਜ ਮੈਨੇਜਰ ਸ੍ਰੀ ਮਨੋਜ਼ ਕੁਮਾਰ ਅਤੇ ਟੈਕਨੀਕਲ ਮੈਨੇਜਰ ਸ੍ਰੀ ਸੁਧਾਂਸ਼ੂ ਤ੍ਰਿਵੇਦੀ ਨੇ ਬਤੌਰ ਰਿਸੋਰਸ ਪਰਸਨ ਸ਼ਿਰਕਤ ਕੀਤੀ।

## 10. ਰਾਸ਼ਟਰੀ ਕਵੀ ਦਰਬਾਰ:

ਕਾਲਜ ਦੇ ਹਿੰਦੀ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤ੍ਰੈ ਭਾਸ਼ਾਈ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਰਤ ਦੇ ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਮਹਾਨ ਕਵੀਆਂ ਨੇ ਭਾਗ ਲਿਆ।

## 11. ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ ਪ੍ਰਸਤੁਤ ਖੋਜ ਪੇਪਰ/ਸ਼ਮੂਲੀਅਤ:

### 11.1 ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ ਪ੍ਰਸਤੁਤ ਖੋਜ ਪੇਪਰ:

**ਡਾ. ਹਰਵਿੰਦਰ ਕੌਰ** ਨੇ ਮਿਤੀ 4 ਮਾਰਚ 2020 ਨੂੰ ਅੰਤਰਰਾਸ਼ਟਰੀ ਕਾਨਫ਼ਰੰਸ ਗੁਰੂ ਨਾਨਕ ਬਾਣੀ ਕੇ ਵਿਵਿਧ ਆਯਾਮ ਵਿੱਚ ਸ੍ਰੀ ਗੁਰੂ ਨਾਨਕ ਦੇਵ: ਏਕ ਕ੍ਰਾਂਤੀਕਾਰੀ ਕਵੀ ਵਿਸ਼ੇ ’ਤੇ ਪੇਪਰ ਪੜ੍ਹਿਆ।

**ਡਾ. ਪੁਸ਼ਪਿੰਦਰ ਕੌਰ** ਅਤੇ **ਡਾ. ਲਖਵਿੰਦਰ ਸਿੰਘ** ਨੇ ਮਿਤੀ 12-13 ਮਾਰਚ, 2020 ਨੂੰ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਆਯੋਜਿਤ, ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ 2020 ਵਿੱਚ, “ਬੋਰੀਆਂ ਜਾਤੀ ਦੀ ਭਾਸ਼ਾ ਅਤੇ ਟਕਸਾਲੀ ਪੰਜਾਬੀ ਭਾਸ਼ਾ ਵਿਚਲੀਆਂ ਨਾਂਵ ਅਤੇ ਪੜਨਾਂਵ ਸ਼ਬਦ ਸ਼੍ਰੇਣੀਆਂ ਦਾ ਵਿਆਕਰਣਕ ਤੁਲਨਾਤਮਕ ਅਧਿਐਨ” ਵਿਸ਼ੇ ’ਤੇ ਅਤੇ ਇਸੇ ਹੀ ਕਾਨਫਰੰਸ ਵਿੱਚ ਡਾ. ਜੀਵੰਤ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਦੀ ਮਹੱਤਤਾ-ਇਤਿਹਾਸਕ ਪਰਿਪੇਖ ਵਿਸ਼ੇ ’ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਭਰਤ ਗੋਇਲ** ਨੇ ਮਿਤੀ 7-8 ਜੂਨ 2019 ਨੂੰ ਦੋ ਰੋਜ਼ਾ ਇੰਟਰਨੈਸ਼ਨਲ ਕਾਨਫ਼ਰੰਸ ICFMST-2019 ਵਿੱਚ "Specially Structured Flow Shop Scheduling in Two Stage With Separated Set Up Time Associated with Probabilities and Concept of Job Block to Optimize Total of the Waiting Time of Jobs" ਵਿਸ਼ੇ ’ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਤੇਜਿੰਦਰ ਪਾਲ ਸਿੰਘ** ਨੇ ਬਰੈਪਟਨ (ਕਨੇਡਾ) ਵਿੱਚ ਮਿਤੀ 20-30 ਜੂਨ 2019 ਨੂੰ "Problems and Solutions of Punjabi People in the World" ਵਿਸ਼ੇ ’ਤੇਹੋਈ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ “ਪੰਜਾਬ ਦੀ ਸੰਗੀਤ ਪਰੰਪਰਾ ਦੇ ਵਿਦੇਸ਼ਾਂ ਵਿੱਚ ਵਿਕਾਸਤਮਕ ਰੁਝਾਨਾਂ ਦਾ ਮੁਲਾਂਕਣ” ਵਿਸ਼ੇ ’ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ.ਸੰਦੀਪਕੁਲਾਰ** ਨੇ ਗੌਰਮਿੰਟ ਮਹਿੰਦਰਾ ਕਾਲਜ ਪਟਿਆਲਾ ਵੱਲੋਂ ਮਿਤੀ 17-18 ਫਰਵਰੀ 2020 ਨੂੰ International Conference on Contemporary Issues and Challenges to Polity and Governance in India: Emerging Paradigm Shift and Future Agenda

ਵਿਸ਼ੇ 'ਤੇ ਕਰਵਾਈ ਗਈ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ Electoral Politics in Punjab: The Rise and Fall of Tripolar Political System ਵਿਸ਼ੇ 'ਤੇ ਪੇਪਰ ਪ੍ਰਸਤੁਤ ਕੀਤਾ।

## 11.2 ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ ਅਧਿਆਪਕਾਂ ਦੀ ਸ਼ਮੂਲੀਅਤ:

**ਪ੍ਰੋ. ਸਪਨਾ**ਅਤੇ **ਪ੍ਰੋ. ਵਰਲੀਨ ਕੌਰ** ਨੇ PCMA ਵੱਲੋਂ ਮਿਤੀ 21 ਜੂਨ 2020 ਨੂੰ "Covid-19: Potential & Challenges for Growth & Development of Hospitality and Tourism Industry ਵਿਸ਼ੇ 'ਤੇ ਕਰਵਾਈ ਗਈ ਇਕ ਰੋਜ਼ਾ ਆਨਲਾਈਨ ਇੰਟਰਨੈਸ਼ਨਲ ਕਾਨਫ਼ਰੰਸ ਵਿੱਚ ਭਾਗ ਲਿਆ।

## 12. ਰਾਸ਼ਟਰੀ ਕਾਨਫ਼ਰੰਸਾਂ ਵਿੱਚ ਅਧਿਆਪਕਾਂ ਵੱਲੋਂ ਪੋਸਟਰ ਪ੍ਰਸਤੁਤੀ/ਸ਼ਮੂਲੀਅਤ:

**ਡਾ. ਮੋਨਿਕਾ ਬਾਂਸਲ** ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਮਿਸਟਰੀ ਵਿਭਾਗ ਵੱਲੋਂ ਮਿਤੀ 19 ਫਰਵਰੀ 2020 ਨੂੰ 12th National Conference on Chemical and Environmental Sciences: Advanced Innovations-2020 ਵਿਸ਼ੇ 'ਤੇ ਕਰਵਾਈ ਰਾਸ਼ਟਰੀ ਕਾਨਫਰੰਸ ਵਿੱਚ "Amino Thiazole- The Molecule of Diverse Biological Activities" ਵਿਸ਼ੇ 'ਤੇ ਅਤੇ ਡਾ. ਰੂਪੀ ਧੀਰ ਨੇ ''ਫੋਟੋਕੈਟੇਲਿਟਕ ਡਿਗਰੇਡਸ਼ਨ ਆਫ਼ ਮਿਥਾਇਲ ਔਰੇਂਜ ਡਾਈ ਯੂਸਿੰਗ ਡੋਪਡ ਜਿੰਕ ਆਕਸਾਇਡ ਨੈਨੋਪਾਰਟੀਕਲਜ਼'' ਵਿਸ਼ੇ 'ਤੇ ਖੋਜ ਪੋਸਟਰ ਪ੍ਰਸਤੁਤ ਕੀਤਾ।

**ਡਾ. ਸਤਵਿੰਦਰ ਕੌਰ** ਨੇ ਪੰਜਾਬ ਕਾਮਰਸ ਅਤੇ ਮੈਨੇਜਮੈਂਟ ਐਸੋਸੀਏਸ਼ਨ ਦੁਆਰਾ ਜੁਲਾਈ 2020 ਨੂੰ ਆਯੋਜਿਤ National Capability Enhancement Conference: Education for Meaningful Life Part-3 ਕਾਨਫ਼ਰੰਸ ਵਿੱਚ ਭਾਗ ਲਿਆ।

**ਡਾ. ਮਨਸਿਮਰਨ ਕੌਰ** ਨੇ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵੱਲੋਂ ਮਿਤੀ 7 ਮਾਰਚ 2020 ਨੂੰ ਕਰਵਾਈ ਗਈ 3rd National Conference Innovation in Biosciences and Technology ਵਿੱਚ Chemical Analysis and Sensory Evaluation of Non Dairy Milk Alternatives Prepared from Rice and Almond ਵਿਸ਼ੇ 'ਤੇ ਪੋਸਟਰ ਪ੍ਰਸਤੁਤ ਕੀਤਾ।

## 13. ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵੈਬੀਨਾਰਾਂਵਿੱਚ ਅਧਿਆਪਕਾਂ ਵੱਲੋਂ ਸ਼ਮੂਲੀਅਤ:

**ਡਾ. ਹਰਵਿੰਦਰ ਕੌਰ** ਨੇ ਗੁਰੂ ਨਾਨਕ ਕਾਲਜ, ਲੁਧਿਆਣਾ ਵੱਲੋਂ ਮਿਤੀ 25 ਮਈ 2020 ਨੂੰ ''ਕੋਰੋਨਾ ਕਾਲ ਮੇ ਸਿਕਸ਼ਾ ਕੀ ਭੂਮਿਕਾ, ਸਵਰੂਪ ਪਦਤਿ ਤੇ ਭਵਿੱਖ'' ਵਿਸ਼ੇ 'ਤੇ ਕਰਵਾਏ ਗਏ ਅੰਤਰਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ। ਇਨ੍ਹਾਂ ਨੇ ਹੀ ਮਿਤੀ 7-8 ਜੂਨ 2020 ਨੂੰ "Historic Sikh Shrines" ਵਿਸ਼ੇ 'ਤੇ ਹੋਏ ਦੋ ਰੋਜ਼ਾ ਅੰਤਰਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

**ਪ੍ਰੋ. ਸੁਖਮੀਨ ਕੌਰ** ਨੇ ਗੁਰੂ ਨਾਨਕ ਕਾਲਜ ਬੁੱਢਲਾਡਾ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਮਿਤੀ 23 ਜੂਨ 2020 ਨੂੰ Online Security Issues: Problem and Solutions ਵਿਸ਼ੇ 'ਤੇ ਕਰਵਾਏ ਗਏ ਅੰਤਰਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

**ਡਾ. ਮੋਨਿਕਾ ਬਾਂਸਲ** ਨੇ ਮਿਤੀ 28 ਜੁਲਾਈ 2020 ਨੂੰ ‘‘ਰਿਸੈਂਟ ਐਡਵਾਂਸ ਇਨ ਕੈਮੀਕਲ ਸਾਇੰਸ’’ ਵਿਸ਼ੇ ’ਤੇਅੰਤਰਰਾਸ਼ਟਰੀ ਵੈਬੀਨਾਰ ਅਤੇ ਮਿਤੀ 24 ਜੁਲਾਈ 2020 ਨੂੰ ‘‘ਲੇਟੈਸਟ ਡਿਵਲਪਮੈਂਟਸ ਇਨ ਗਰੀਨ ਕੈਮਿਸਟਰੀ’’ ਵਿਸ਼ੇ ’ਤੇ ਕਰਵਾਏ ਗਏ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

**ਡਾ. ਅਮਨਦੀਪ ਕੌਰ ਸਿੱਧੂ** ਅਤੇ **ਪ੍ਰੋ. ਵਰਲੀਨ ਕੌਰ** ਨੇ ਅੰਤਰਰਾਸ਼ਟਰੀ ਵੈਬੀਨਾਰ ਜੋ ਕਿ ਮਿਤੀ 21 ਜੂਨ 2020 ਨੂੰ International Conference COVID=19: Potential and Challenges for Growth and Development of Hospitality and Tourism Industry by PCMA, ਰਾਸ਼ਟਰੀ ਵੈਬੀਨਾਰ ਮਿਤੀ 18 ਜੂਨ 2020 ਨੂੰ Digital Transformation of Higher Education in India, ਮਿਤੀ 2 ਜੁਲਾਈ ਨੂੰ National Capability Enhancement Conference: Education for Meaningful Life, ਮਿਤੀ 19–20 ਜੂਨ 2020 ਨੂੰ India- An Employment and Self Reliant Economy Perspective ਵਿਸ਼ੇ ਅਤੇ **ਡਾ. ਅਮਨਦੀਪ ਕੌਰ ਸਿੱਧੂ, ਪ੍ਰੋ. ਸਪਨਾ** ਅਤੇ **ਪ੍ਰੋ. ਵਰਲੀਨ ਕੌਰ** ਨੇ ਮਿਤੀ 2–3 ਜੂਨ 2020 ਨੂੰ ਦੋ ਰੋਜ਼ਾ ਵੈਬੀਨਾਰ " Digital Transformaton: A Way of Self Reliance Indian Economy Opportunities and Challenges Post Covid-19 ਅਤੇ **ਡਾ. ਅਮਨਦੀਪ ਕੌਰ ਸਿੱਧੂ, ਡਾ. ਵੰਦਨਾ ਕਪੂਰ** ਅਤੇ **ਪ੍ਰੋ. ਵਰਲੀਨ ਕੌਰ** ਨੇ ਮਿਤੀ 14 ਅਗਸਤ 2020 ਨੂੰ "Intellectual Property Rights (Copyright, Patent and Trademark) ਵਿਸ਼ੇ ’ਤੇ ਵੈਬੀਨਾਰ ਵਿੱਚ ਭਾਗ ਲਿਆ।

**ਡਾ. ਵੰਦਨਾ ਕਪੂਰ** ਨੇ ਖ਼ਾਲਸਾ ਕਾਲਜ ਪਟਿਆਲਾ ਮਿਤੀ 13 ਅਗਸਤ ਨੂੰ ਕਰਵਾਏ ਗਏ ਰਾਸ਼ਟਰੀ ਵੈਬੀਨਾਰ ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ ਤੇ ਬਾਣੀ ਦਰਸ਼ਨ ਅਤੇਮਿਤੀ 22 ਅਗਸਤ 2020 ਨੂੰ Disruption Strategy: A Chartsheet in Post Covid-19 World ਵਿਸ਼ੇ ’ਤੇ ਕਰਵਾਏ ਗਏ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

**ਪ੍ਰੋ. ਜਸਮੀਨ ਕੌਰ** ਨੇ Punjab Commerce & Management Association ਵੱਲੋਂ ਮਿਤੀ 25 ਮਈ 2020 ਨੂੰ Covid-19: Lesson for Education ਵਿਸ਼ੇ ’ਤੇ ਕਰਵਾਏ ਗਏ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

**ਡਾ. ਰੋਜ਼ੀ ਬਾਂਸਲ** ਨੇ ਮਿਤੀ 21 ਮਈ 2020 ਨੂੰ ਰਾਸ਼ਟਰੀ ਵੈਬੀਨਾਰ Novel Approaches to Overcome Impact of Current Pandemic Scenario on Food Sector ਅਤੇ ਮਿਤੀ 2 ਜੁਲਾਈ 2020 ਨੂੰ IPR & Patenting ਵਿਸ਼ੇ ’ਤੇ ਕਰਵਾਏ ਗਏ ਵੈਬੀਨਾਰਾਂ ਵਿੱਚ ਭਾਗ ਲਿਆ।

**ਡਾ. ਪਰਦੀਪ ਕੁਮਾਰ** ਨੇ ਮਿਤੀ 7 ਜੂਨ 2020 ਨੂੰ ਰਾਸ਼ਟਰੀ ਵੈਬੀਨਾਰ "Meditation a Progressive Path towards the Peaceful Society", ਮਿਤੀ 13–16 ਜੂਨ 2020 ਨੂੰ ਆਨਲਾਈਨ ਕੁਇਜ਼ ਕੰਪੀਟੀਸ਼ਨ "Covid-19 Awareness", ਮਿਤੀ 20 ਜੂਨ 2020 ਨੂੰ "Definition and Role of Sanskritists in Pre & Post Pandemic Time", ਮਿਤੀ 24 ਜੂਨ ਨੂੰ "Skill Development for a Self Reliant India", ਮਿਤੀ 26–27 ਜੂਨ ਨੂੰ ਦੋ ਰੋਜ਼ਾ ਵੈਬੀਨਾਰ

"Strategy for Strengthening Agricultural Education under Changing Scenario on Covid-19", ਮਿਤੀ 7 ਜੂਨ 2020 ਨੂੰ "Ethnomedicobotany to Control COVID-19: The Nature Provide Remedy within Association with Society of Pharmaceutical Education & Research, ਮਿਤੀ 10 ਜੂਨ 2020 ਨੂੰ "Lt Platform: Virtual Lab Concept, ਮਿਤੀ 20-21 ਜੂਨ ਨੂੰ "Traditional Agriculture: Self-Reliant Bharat" ਅਤੇ 13 ਜੂਨ 2020 ਨੂੰ "Patent and Intellectual Property Right in Agriculture Research" ਵਿਸ਼ੇ 'ਤੇ ਵੈਬੀਨਾਰ ਵਿੱਚ ਭਾਗ ਲਿਆ।

**ਡਾ. ਸੁਲੇਖਾ ਚੌਧਰੀ** ਨੇ ਮਾਤਾ ਗਜਰੀ ਕਾਲਜ, ਸ੍ਰੀ ਫਤਹਿਗੜ੍ਹ ਸਾਹਿਬ ਵੱਲੋਂ ਮਿਤੀ 28-30 ਮਈ 2020 ਨੂੰ "Nutrient Managemenet Options for Boosting Organic Agriculture ਵਿਸ਼ੇ 'ਤੇ ਕਰਵਾਏ ਗਏ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

## 14. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਓਂਰੀਐਂਟੇਸ਼ਨ ਪ੍ਰੋਗਰਾਮ, ਰਿਫ੍ਰੈਸ਼ਰ ਕੋਰਸ, ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ, ਸ਼ਾਰਟ ਟਰਮ ਕੋਰਸ/ਟ੍ਰੇਨਿੰਗ, ਵਰਕਸ਼ਾਪ ਅਤੇ ਪ੍ਰਦਰਸ਼ਨੀਆਂ ਵਿੱਚ ਲਏ ਗਏ ਭਾਗ:

### 14.1 ਓਰੀਐਂਟੇਸ਼ਨਪ੍ਰੋਗਰਾਮ:

**ਪ੍ਰੋ. ਨਵਦੀਪ ਕੌਰ** ਨੇ ਰਾਮਾਨੁਜਨ ਕਾਲਜ, ਦਿੱਲੀ ਯੂਨੀਵਰਸਿਟੀ ਦੁਆਰਾ ਆਯੋਜਿਤ ਆਨਲਾਈਨ ਓਰੀਐਂਟੇਸ਼ਨ ਪ੍ਰੋਗਰਾਮ (26 ਜੂਨ ਤੋਂ 24 ਜੁਲਾਈ, 2020) ਵਿੱਚ ਭਾਗ ਲਿਆ।

**ਡਾ. ਕੰਨੂ ਵਰਮਾ, ਪ੍ਰੋ. ਜੈਸਮੀਨ ਕੌਰ, ਡਾ. ਹੀਨਾ ਰੇਖੀ** ਅਤੇ **ਡਾ. ਰੋਜ਼ੀ ਬਾਂਸਲ** ਨੇ ਰਾਮਾਨੁਜਨ ਕਾਲਜ, ਦਿੱਲੀ ਯੂਨੀਵਰਸਿਟੀ ਦੁਆਰਾ ਆਯੋਜਿਤ ਆਨਲਾਈਨ ਓਰੀਐਂਟੇਸ਼ਨ ਪ੍ਰੋਗਰਾਮ (04 ਜੂਨ ਤੋਂ 01 ਜੁਲਾਈ, 2020) ਵਿੱਚ ਭਾਗ ਲਿਆ।

**ਡਾ. ਜਗਤਾਰ ਸਿੰਘ** ਅਤੇ **ਪ੍ਰੋ. ਸਤਵੀਰ ਕੌਰ** ਨੇ UGC-HRDC ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ 42ਵਾਂ ਓਰੀਐਂਟੇਸ਼ਨ ਪ੍ਰੋਗਰਾਮ (6 ਜਨਵਰੀ ਤੋਂ 25 ਜਨਵਰੀ, 2020) ਵਿੱਚ ਭਾਗ ਲਿਆ।

### 14.2 ਰਿਫਰੈਸ਼ਰਪ੍ਰੋਗਰਾਮ:

**ਡਾ. ਅੰਜੂ ਖੁੱਲਰ** ਨੇ ਗੌਰਮਿੰਟ ਆਫ਼ ਇੰਡੀਆ, ਮਿਨਿਸਟਰੀ ਆਫ਼ ਹਿਉਮਨ ਰਿਸੋਰਸ ਡਿਵੈਲਪਮੈਂਟਵੱਲੋਂ "Online Refresher Course in Chemistry for Higher Education" ਵਿਸ਼ੇ 'ਤੇ ਆਯੋਜਿਤ 12 ਹਫ਼ਤੇ ਦਾ ਰਿਫਰੈਸ਼ਰ ਪ੍ਰੋਗਰਾਮ ਇਨ ਟੀਚਿੰਗ (ARPIT)-2019 ਲਗਾਇਆ।

**ਡਾ. ਜੈਸਮੀਨ ਟਿਵਾਣਾ** ਅਤੇ **ਪ੍ਰੋ. ਤ੍ਰਿਪਤ ਕੌਰ** ਨੇ ਗੌਰਮਿੰਟ ਆਫ਼ ਇੰਡੀਆ, ਮਿਨਿਸਟਰੀ ਆਫ਼ ਹਿਉਮਨ ਰਿਸੋਰਸ ਡਿਵੈਲਪਮੈਂਟਵੱਲੋਂ "Financial Markets and Emerging Business Models" ਵਿਸ਼ੇ 'ਤੇ ਆਯੋਜਿਤ 16 ਹਫ਼ਤੇ ਦਾ ਐਨੂਅਲ ਰਿਫਰੈਸ਼ਰ ਪ੍ਰੋਗਰਾਮ ਇਨ ਟੀਚਿੰਗ (ARPIT)-2020 ਲਗਾਇਆ।

**ਪ੍ਰੋ. ਨਵਦੀਪ ਕੌਰ** ਨੇ ਅਰਪਿਤ ਸਵਾਅਮ ਮੂਕ ਦੀ ਵਰਤੋਂ ਕਰਕੇ  ਗੁਜਰਾਤ ਯੂਨੀਵਰਸਿਟੀ ਦੁਆਰਾ ਆਯੋਜਿਤ ਸਾਲਾਨਾ ਰਿਫਰੈਸ਼ਰ ਪ੍ਰੋਗਰਾਮ ਪੂਰਾ ਕੀਤਾ।

**ਡਾ. ਮੰਜੂ ਮਿੱਤਲ** ਨੇ ਮਿਤੀ 01 ਸਤੰਬਰ 2019 ਤੋਂ 16 ਫਰਵਰੀ 2020 ਤੱਕ ਸ੍ਰੀ ਰਾਮ ਕਾਲਜ ਆਫ਼ ਕਾਮਰਸ, ਯੂਨੀਵਰਸਿਟੀ ਆਫ਼ ਦਿੱਲੀ ਵੱਲੋਂ ਆਯੋਜਿਤ (ARPIT) ਸਵਾਅਮ"Online Refresher Course in Commerce" ਲਗਾਇਆ।

**ਡਾ. ਤੇਜਿੰਦਰ ਪਾਲ ਸਿੰਘ** ਨੇ ਮਿਤੀ 10-23 ਦਸੰਬਰ, 2019 ਤੱਕ UGC-HRDC,  ਜੰਮੂ ਯੂਨੀਵਰਸਿਟੀ, ਜੰਮ ਵੱਲੋਂ 'ਮਨੁੱਖੀ ਅਧਿਕਾਰਾਂ ਬਾਰੇ'' ਵਿਸ਼ੇ ਉੱਪਰ ਲਗਾਏ ਗਏ 14 ਦਿਨਾਂ ਦੇ ਅੰਤਰ ਅਨੁਸ਼ਾਸਨੀ ਰਿਫਰੈਸ਼ਰ ਪ੍ਰੋਗਰਾਮ ਵਿੱਚ ਭਾਗ ਲਿਆ।

**ਡਾ. ਜਗਤਾਰ ਸਿੰਘ** ਨੇ ਮਿਤੀ 10-24 ਅਗਸਤ, 2020 ਤੱਕ UGC-HRDC, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਅਗਸਤ 2019 ਵਿੱਚ ਕਰਵਾਏ ਗਏ 14 ਦਿਨਾਂ ਦੇ ਰਿਫਰੈਸ਼ਰ ਪ੍ਰੋਗਰਾਮ ਵਿੱਚ ਭਾਗ ਲਿਆ।

### 14.3 ਕਾਲਜ ਦੇ ਅਧਿਆਪਕ ਸਾਹਿਬਾਨ ਦੀ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ:

**ਪ੍ਰੋ. ਸੁਖਮੀਨ ਕੌਰ,ਪ੍ਰੋ. ਰਾਜਵਿੰਦਰ ਕੌਰ, ਡਾ. ਨਿਪੁੰਨਜੋਤ ਕੌਰ, ਪ੍ਰੋ. ਜਤਿੰਦਰ ਕੌਰ,ਡਾ. ਜੈਸਮੀਨ ਟਿਵਾਣਾ,ਡਾ. ਅਮਨਦੀਪ ਕੌਰ ਸਿੱਧੂ, ਪ੍ਰੋ. ਤ੍ਰਿਪਤ ਕੌਰ,ਪ੍ਰੋ. ਸਪਨਾ, ਪ੍ਰੋ. ਸਤਵੀਰ ਕੌਰ** ਅਤੇ **ਪ੍ਰੋ. ਵਰਲੀਨ ਕੌਰ** ਨੇ ਖ਼ਾਲਸਾ ਕਾਲਜ ਪਟਿਆਲਾ ਦੇ ਆਈ.ਕਿਊ.ਏ.ਸੀ. ਸੈੱਲ ਵੱਲੋਂ ''ਈ.ਕਨਟੈਂਟ ਡਿਵੈਲਪਮੈਂਟ'' ਵਿਸ਼ੇ 'ਤੇ ਮਿਤੀ 22 ਜੂਨ ਤੋਂ 06 ਜੁਲਾਈ 2020 ਤੱਕ ਆਯੋਜਿਤ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਰਾਜਦੀਪ ਸਿੰਘ ਧਾਲੀਵਾਲ, ਪ੍ਰੋ. ਜਸਮੀਨ ਕੌਰ, ਡਾ. ਗੁਰਵੀਰ ਸਿੰਘ ਅਤੇ ਡਾ. ਮਨਸਿਮਰਨ ਕੌਰ ਰੰਧਾਵਾ** ਨੇ ਖ਼ਾਲਸਾ ਕਾਲਜ ਪਟਿਆਲਾ ਦੇ ਡਾ. ਗੰਡਾ ਸਿੰਘ ਕੈਰੀਅਰ ਗਾਈਡੈਂਸ, ਕਾਊਸਲਿੰਗ ਐਂਡ ਪਲੇਸਮੈਂਟ ਸੈਂਟਰ ਵੱਲੋਂ ਮਿਤੀ 16-22 ਸਤੰਬਰ, 2019 ਤੱਕ ''ਐਂਕਰਿੰਗ ਅਤੇ ਸਟੇਜ ਮੈਨੇਜਮੈਂਟ'' ਵਿਸ਼ੇ 'ਤੇ ਕਰਵਾਏ ਗਏ ਇੱਕ ਹਫਤੇ ਦੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਪ੍ਰੋ. ਜਤਿੰਦਰ ਕੌਰ** ਅਤੇ **ਪ੍ਰੋ. ਸਤਵੀਰ ਕੌਰ** ਨੇ ਦਸ਼ਮੇਸ਼ ਖ਼ਾਲਸਾ ਕਾਲਜ, ਜ਼ੀਰਕਪੁਰ ਵੱਲੋਂ ਮਿਤੀ 20-24 ਜੂਨ, 2020 ਤੱਕ New Pedagogies: Creative Learning and Creative Thinking- A Futuristic Approach ਵਿਸ਼ੇ 'ਤੇ ਕਰਵਾਏ ਪੰਜ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ, Forsk Technology, Jaipur ਵੱਲੋਂ Python and Emerging Trends in Machine Learning  ਵਿਸ਼ੇ 'ਤੇ ਮਿਤੀ 02-06 ਜੂਨ, 2020 ਤੱਕ ਕਰਵਾਏ ਗਏ ਪੰਜ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅਤੇ International Institute of Organized  Research ਵੱਲੋਂ E-

content Development ਵਿਸ਼ੇ 'ਤੇ ਮਿਤੀ 01–05 ਜੂਨ, 2020 ਤੱਕ ਕਰਵਾਏ ਪੰਜ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਡਾ. ਜੀਵੰਤ ਕੌਰ, ਡਾ. ਗੁਰਸਿਮਰਜੀਤ ਕੌਰ, ਡਾ. ਰੂਪੀ ਧੀਰ, ਡਾ. ਕੰਨੂ ਵਰਮਾ, ਡਾ. ਜਗਤਾਰ ਸਿੰਘ, ਡਾ. ਵੰਦਨਾ ਕਪੂਰ** ਅਤੇ **ਡਾ. ਹਿਨਾ** ਨੇ ਰਾਮਾਨੂਜਨ ਕਾਲਜ, ਯੂਨੀਵਰਸਿਟੀ ਆਫ ਦਿੱਲੀ ਵੱਲੋਂ "ਐਡਵਾਂਸਡ ਕੰਸੈਪਟਸ ਫਾਰ ਡਿਵੈਲਪਿੰਗ ਮੂਕਸ" ਵਿਸ਼ੇ 'ਤੇ ਮਿਤੀ 02–17 ਜੁਲਾਈ, 2020 ਤੱਕ ਕਰਵਾਏ ਦੋ ਹਫਤੇ ਦੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਪ੍ਰੋ. ਹਰਪ੍ਰੀਤ ਕੌਰ** ਨੇ Jamal Mohamed College, Tamil Nadu ਵੱਲੋਂ ਮਿਤੀ 11–17 ਜੂਨ, 2020 ਤੱਕ ਕਰਵਾਈ ਗਈ ਸੱਤ ਰੋਜ਼ਾ ਆਨਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਪ੍ਰੋ.ਰਾਜਦੀਪ ਸਿੰਘ ਧਾਲੀਵਾਲ** ਅਤੇ **ਡਾ. ਰਤਨਪਾਲ ਸਿੰਘ ਰੰਧਾਵਾ** ਨੇ ਐਮ.ਐਚ.ਆਰ.ਡੀ. (ਪੀ.ਐਮ.ਐਮ.ਐਮ.ਐਨ.ਐਮ.ਟੀ.ਟੀ.) ਅਧੀਨ ਚੱਲ ਰਹੇ ਟੀਚਿੰਗ ਲਰਨਿੰਗ ਸੈਂਟਰ, ਰਾਮਾਨੂਜਨ ਕਾਲਜ (ਦਿੱਲੀ ਯੂਨੀਵਰਸਿਟੀ) ਵੱਲੋਂ 18 ਮਈ ਤੋਂ 03 ਜੂਨ 2020 ਤੱਕ "Managing Online Classes and Co-creating MOOC's 2.0" ਵਿਸ਼ੇ 'ਤੇ ਆਯੋਜਿਤ 2 ਹਫਤੇ ਦੇ ਆਨ–ਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ। ਪ੍ਰੋ. ਧਾਲੀਵਾਲ ਨੇ ਇਸੇ ਸੰਸਥਾ ਦੁਆਰਾ ਮਿਤੀ 8 ਜੂਨ ਤੋਂ 14 ਜੂਨ 2020 ਤੱਕ "Open Source Tools for Research" ਵਿਸ਼ੇ 'ਤੇ ਆਯੋਜਿਤ ਸੱਤ ਰੋਜ਼ਾ ਆਨਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਡਾ. ਹਿਨਾ** ਨੇ ਇੰਡੋ ਗਲੋਬਲ ਗਰੁੱਪ ਆਫ਼ ਕਾਲਜ, ਚੰਡੀਗੜ੍ਹ ਵੱਲੋਂR Programming ਵਿਸ਼ੇ 'ਤੇ ਪੰਜ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (27 ਅਪ੍ਰੈਲ ਤੋਂ 01 ਮਈ, 2020) ਵਿੱਚ ਭਾਗ ਲਿਆ।

**ਡਾ. ਅਮਨਪ੍ਰੀਤ ਸਿੰਘ** ਨੇ ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ ਵੱਲੋਂ Changing Paradigms in Management Education ਵਿਸ਼ੇ 'ਤੇ ਮਿਤੀ 24–29 ਅਗਸਤ ਨੂੰ ਕਰਵਾਏ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਡਾ. ਰੋਜ਼ੀ ਬਾਂਸਲ** ਅਤੇ **ਡਾ. ਮਨਸਿਮਰਨ ਕੌਰ** ਨੇ ਅ.ਸ.ਬ.ਅ.ਸ.ਜ.ਸ. ਮੈਮੋਰੀਅਲ ਕਾਲਜ ਬੇਲਾ, ਰੂਪ ਨਗਰ ਵੱਲੋਂ 06 ਤੋਂ 10 ਜੁਲਾਈ 2020 ਤੱਕ Teachers are Corona Warriers Fostering Competencies Among Faculty during Covid-19 ਵਿਸ਼ੇ 'ਤੇ ਕਰਵਾਏ ਗਏ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

### 14.4 ਸ਼ਾਰਟ ਟਰਮ ਕੋਰਸ:

**ਡਾ. ਰੋਜ਼ੀ ਬਾਂਸਲ** ਨੇ ਆਈ.ਆਈ.ਟੀ. ਖੜਗਪੁਰ ਵੱਲੋਂ Employment Generation Among Rural Youth Through Agripreneurship ਵਿਸ਼ੇ 'ਤੇ ਆਯੋਜਿਤ ਆਨਲਾਈਨ ਕੋਰਸ ਵਿੱਚ ਭਾਗ ਲਿਆ।

**ਡਾ. ਮਨਸਿਮਰਨ ਕੌਰ** ਨੇ ਮਿਤੀ 15 ਅਪ੍ਰੈਲ 2020 ਤੋਂ 13 ਮਈ 2020 ਤੱਕ ਇੱਕ ਮਹੀਨੇ ਦਾ ਆਨਲਾਈਨ ਕੋਰਸ Harvard University ਵੱਲੋਂ PH557x: Lesons from Ebola: Preventing the Next Pandemic ਵਿਸ਼ੇ 'ਤੇ ਅਤੇ ਮਿਤੀ 29 ਮਈ ਤੋਂ 4 ਜੂਨ 2020 ਤੱਕ Basics of Covid-19, Department of Personal and Training Diksha ਵਿਸ਼ੇ 'ਤੇ ਕਰਵਾਏ ਗਏ ਸੱਤ ਰੋਜ਼ਾ ਆਨਲਾਈਨ ਕੋਰਸ ਵਿੱਚ ਭਾਗ ਲਿਆ।

## 14.5 ਅਧਿਆਪਕਾਂ ਦੁਆਰਾ ਵਰਕਸ਼ਾਪਾਂ ਵਿੱਚ ਸ਼ਮੂਲੀਅਤ:

**ਡਾ. ਪੁਸ਼ਪਿੰਦਰ ਕੌਰ** ਅਤੇ **ਡਾ. ਕੰਨੂ ਵਰਮਾ** ਨੇ Institute for Development and Communication (IDC) Chandigarh ਵੱਲੋਂ ਮਿਤੀ 20 ਤੋਂ 25 ਜੁਲਾਈ, 2020 ਤੱਕ "Online Teaching Learning Workshop on Design, Development and Online Assessment" ਵਿਸ਼ੇ 'ਤੇ ਆਯੋਜਿਤ ਵਰਕਸ਼ਾਪ ਵਿੱਚ ਭਾਗ ਲਿਆ।

**ਡਾ. ਨਿਪੁੰਨਜੋਤ ਕੌਰ** ਨੇ ਮਿਤੀ 7 ਨਵੰਬਰ 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਇਕ ਰੋਜ਼ਾ ਵਰਕਸ਼ਾਪ ਆਨ ਕੈਪਸਿਟੀ ਬਿਲਡਿੰਗ, ''ਸੈਂਟਰ ਫਾਰ ਐਕਸੇਲੈਂਸ ਇਨ ਸਸਟੇਨੇਬਿਲਟੀ ਟੈਕਨਾਲੋਜੀਜ ਫਾਰ ਰੂਰਲ ਡਿਵੈਲਪਮੈਂਟ'' ਜੇ ਪੀ ਯੂਨੀਵਰਸਿਟੀ ਸੋਲਨ ਵੱਲੋਂ ਸਸਟੇਨੇਬਲ ਟੈਕਨਾਲੋਜੀ ਵੀਕ ਦੌਰਾਨ ਇੱਕ ਰੋਜ਼ਾ ਵਰਕਸ਼ਾਪ ਵਿੱਚ ਭਾਗ ਲਿਆ।

**ਡਾ. ਮੋਨਿਕਾ ਬਾਂਸਲ, ਡਾ. ਰੂਪੀ ਧੀਰ, ਡਾ. ਹੀਨਾ** ਅਤੇ **ਡਾ. ਰੋਜ਼ੀ ਬਾਂਸਲ** ਨੇ ਖ਼ਾਲਸਾ ਕਾਲਜ ਪਟਿਆਲਾ ਦੇ ਕੈਮਿਸਟਰੀ ਵਿਭਾਗ ਵੱਲੋਂ ਮਿਤੀ 6 ਮਾਰਚ 2020 ਨੂੰ "Basics of Rheology and Dynamic Light Scattering" ਵਿਸ਼ੇ 'ਤੇਆਯੋਜਿਤ ਵਰਕਸ਼ਾਪ ਵਿੱਚ ਭਾਗ ਲਿਆ।

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਵੱਲੋਂ ''ਪੰਜਾਬੀ ਵਿੱਚ ਕੰਪਿਊਟਰ ਦੀ ਵਰਤੋਂ'' ਵਿਸ਼ੇ 'ਤੇ ਆਯੋਜਿਤ ਸੱਤ ਰੋਜ਼ਾ (11 ਤੋਂ 17 ਮਈ 2020 ਤੱਕ)ਆਨਲਾਈਨ ਕਾਰਜਸ਼ਾਲਾ ਵਿੱਚ ਭਾਗ ਲਿਆ।

**ਪ੍ਰੋ. ਸਪਨਾ** ਨੇ ਮਿਤੀ 5 ਜੂਨ, 2020 ਨੂੰ ਆਈ.ਕਿਊ.ਏ.ਸੀ., ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਆਯੋਜਿਤ ਇੱਕ ਰੋਜ਼ਾ "Plagiarism- An Opportunity to Learn, Teach & Grow ਵਿਸ਼ੇ 'ਤੇ ਆਨਲਾਈਨ ਵਰਕਸ਼ਾਪ ਲਗਾਈ।

**ਡਾ. ਜਗਤਾਰ ਸਿੰਘ** ਨੇ 19 ਜੁਲਾਈ, 2019 ਨੂੰ Unnat Bharat Abhiyan NITTTR Chandigarh ਵੱਲੋਂ ਆਯੋਜਿਤ ਵਰਕਸ਼ਾਪ ਲਗਾਈ।

**ਡਾ. ਮਨਵੀਰ ਕੌਰ** ਨੇ ਮਿਤੀ 26 ਜੁਲਾਈ ਤੋਂ 01 ਅਗਸਤ 2019 ਤੱਕ Bangkok (Thailand) ਵਿਖੇ ਹੋਈ First International Art Camp Cum Workshop ਵਿੱਚ ਅਤੇ 15 ਅਗਸਤ ਤੋਂ 19 ਅਗਸਤ 2019 ਤੱਕ ਧਰਮ ਪ੍ਰਚਾਰਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਤਲਵੰਡੀ ਸਾਬੋ

ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਿੱਤਰਕਲਾ ਵਰਕਸ਼ਾਪ ਵਿੱਚ ਭਾਗ ਲਿਆ।

**ਡਾ. ਹੀਨਾ** ਨੇ 15 ਫ਼ਰਵਰੀ 2020 ਨੂੰ ਖ਼ਾਲਸਾ ਕਾਲਜ ਪਟਿਆਲਾ ਦੇ ਫਿਜ਼ਿਕਸ ਵਿਭਾਗ ਵੱਲੋਂ "Workshop on Research Methodology" ਵਿਸ਼ੇ ’ਤੇ ਆਯੋਜਿਤ ਵਰਕਸ਼ਾਪ ਵਿੱਚ ਭਾਗ ਲਿਆ।

**ਡਾ. ਰੋਜ਼ੀ ਬਾਂਸਲ** ਨੇ ਮਿਤੀ 28–30 ਮਈ 2020 ਤੱਕ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਵੱਲੋਂ Nutrient Management Options for Boosting Organic Agriculture ਵਿਸ਼ੇ ’ਤੇ ਅਤੇ ਮਿਤੀ 23–25 ਮਈ 2020 ਤੱਕ Shoolini University ਵੱਲੋਂ International Symposium on Understanding the Corona Pandemic & its Implications ਵਿਸ਼ੇ ’ਤੇ ਆਯੋਜਿਤ ਦੋ ਵਰਕਸ਼ਾਪਾਂ ਵਿੱਚ ਭਾਗ ਲਿਆ।

### 14.6 ਪ੍ਰਦਰਸ਼ਨੀਆਂ ਵਿੱਚ ਭਾਗ:

**ਡਾ. ਮਨਵੀਰ ਕੌਰ** ਨੇ ਮਿਤੀ 01 ਅਕਤੂਬਰ ਤੋਂ 07 ਅਕਤੂਬਰ 2019 ਤੱਕ The Bhawan London, U.K. ਵਿਖੇ ਕਰਵਾਈ ਗਈ 60th International Art Exhibition ਅਤੇ ਮਿਤੀ 03 ਮਾਰਚ ਤੋਂ 18 ਮਾਰਚ 2020 ਤੱਕ ਸੈਕਟਰ–10, ਚੰਡੀਗੜ੍ਹ ਵਿਖੇ ਕਰਵਾਈ ਗਈ 18th All India Annual Art Exhibition of Contemporary Women Artists ਦੋ ਪ੍ਰਦਰਸ਼ਨੀਆਂ ਵਿੱਚ ਭਾਗ ਲਿਆ।

### 14.7 ਟ੍ਰੇਨਿੰਗ:

**ਡਾ. ਹੀਨਾ** ਨੇ ਮਿਤੀ 16 ਜੁਲਾਈ ਨੂੰ Spoken Tutorial Project, IIT Bombay ਵੱਲੋਂ "Libre Office Suite Writer ਵਿਸ਼ੇ ’ਤੇ ਆਯੋਜਿਤ ਟੇਨਿੰਗ ਲਗਾਈ।

## 15. ਅਧਿਆਪਕਾਂ ਦੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੇਪਰ:

**ਪ੍ਰੋ. ਜਸਪ੍ਰੀਤ ਕੌਰ** ਦਾ Exploring Pronunciation Through the Poem The Road Not Taken" ਵਿਸ਼ੇ ’ਤੇ ਲਿਖਿਆ ਖੋਜ ਪੱਤਰ Journal of Higher Education and Research Society: A Refered International (Vol:7, Issue-2, ISSN-23490209) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਨਿਪੁੰਨਜੋਤ ਕੌਰ** ਦਾ “ਐਨਵਾਇਰਨਮੈਂਟ ਪਲਿਊਸ਼ਨ: ਏ ਪੋਸੀਬਲ ਥਰੈਟ ਟੂ ਫੀਮੇਲ ਰਿਪਰੋਡਕਟਿਵ ਹੈਲਥ ਇਨ ਫੀਮੇਲ ਟਰੈਫਿਕ ਪੁਲਿਸ ਪਰਸਨਲ” ਵਿਸ਼ੇ ’ਤੇ ਖੋਜ ਪੱਤਰ ਰਾਸ਼ਟਰੀ ਜਰਨਲ ਟਰੈਂਡਜ ਇਨ ਬਾਇਓਸਾਇੰਸਿਜ ਵਿੱਚ ਪ੍ਰਕਾਸ਼ਿਤ ਹੋਇਆ (31.12.2019) ਅਤੇ ਇਨ੍ਹਾਂ ਦਾ ਹੀ “ਫਿਸ਼ਿਨ ਯੀਸਟ: ਸਾਇਜੋਸੈਕਰੋਮਾਇਸਿਸ ਐਸ ਏ ਫੋਰੈਨ ਜੀਨ ਐਕਸਪਰੈਸ਼ਨ ਸਿਸਟਮ” ਵਿਸ਼ੇ

’ਤੇ ਖੋਜ ਪੱਤਰ ਵਰਲਡ ਜਰਨਲ ਆਫ ਬਾਇਓਸਿਊਟਿਕਲ ਐਂਡ ਲਾਇਫ ਸਾਇੰਸਜ਼ ਵਿੱਚ ਪ੍ਰਕਾਸ਼ਿਤ ਹੋਇਆ (15.05.2020)।

**ਪ੍ਰੋ. ਨਮਰਤਾ** ਦਾ Solution of Intutionistic Fuzzy Matrix Games Using Centroid Method ਵਿਸ਼ੇ ’ਤੇ ਲਿਖਿਆ ਖੋਜ ਪੱਤਰ International Journal of Innovative Technology and Exploring Engineering (Vol.8, Issue 853,June 2019) ਵਿੱਚ ਅਤੇ Solving Game Problems Involving Heptagonal and Hundecagonal Fuzzy Pay offs ਵਿਸ਼ੇ ’ਤੇ ਲਿਖਿਆ ਖੋਜ ਪੱਤਰ International Journal of Innovative Technology and Exploring Engineering ( Vol.8, Issue-9,July 2019) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਅੰਜੂ ਖੁੱਲਰ** ਦਾ Synthesis, Characterisation and Screening of Substituted-4-Biphenyl-Acetamide Derivatives against Curvataria -lunata ਵਿਸ਼ੇ ’ਤੇ ਲਿਖਿਆ ਖੋਜ ਪੱਤਰ Bulletin of Pure & Applied Sciences (BPAS-38C, No.2,July-Dec 2019) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਮੰਜੂ ਮਿੱਤਲ** ਦਾ "It is not an Investment if it is Destroying the Planet: A Literature Review of Socially Responsible Investments and Proposed Conceptual Framework" ਵਿਸ਼ੇ ’ਤੇ ਲਿਖਿਆ ਖੋਜ ਪੱਤਰ Management of Environmental Quality ਜਨਰਲ ਵਿੱਚ (Vol:31, Issue-2, ISSN-1477-7835) ਮਿਤੀ 02 ਦਸੰਬਰ 2019 ਨੂੰ ਪ੍ਰਕਾਸ਼ਿਤ ਹੋਇਆ।

**ਡਾ. ਰੂਪੀ ਧੀਰ** ਦਾ ‘‘ਫੋਟੋਕੈਟੇਲਿਟਕ ਡਿਗਰੇਡਸ਼ਟ ਆਫ ਮਿਥਾਇਲ ਔਰੇਂਜ ਡਾਈ ਅੰਡਰ ਯੂ.ਵੀ. ਇਰਰੇਡੀਏਸ਼ਨ ਇਨ ਦਾ ਪ੍ਰੇਜ਼ੈਂਸ ਆਫ ਸੰਥਿਸਾਯਿਡ ਪੀ ਵੀ ਪੀ ਕੈਪਡ ਪਿਊਰ ਐਂਡ ਡੋਪਡ ਗੈਡੋਲਿਨੀਅਮ ਜਿੰਕ ਆਕਸਾਇਡ ਨੈਨੋਪਾਰਟੀਕਲਜ’’ ਵਿਸ਼ੇ ’ਤੇ ਲਿਖਿਆ ਖੋਜ ਪੱਤਰ ਕੈਮਿਕਲ ਫਿਜ਼ਿਕਸ ਲੈਟਰਸ ਜਰਨਲ ਵਿੱਚ (02.03.2020) ਨੂੰ ਪ੍ਰਕਾਸ਼ਿਤ ਹੋਇਆ।

**ਡਾ. ਦਵਿੰਦਰ ਸਿੰਘ** ਦਾ ‘‘ਪੰਜਾਬੀਅਤ ਪੂਰਵ ਅਧਿਐਨ ਦ੍ਰਿਸ਼ਟੀ ਸਿਧਾਂਤਕ ਪਰਿਪੇਖ’’ ਵਿਸ਼ੇ ’ਤੇ ਖੋਜ ਪੇਪਰ ਕਾਵਿ ਸ਼ਾਸਤਰ ਜਰਨਲ ਵਿੱਚ, ‘‘ਪ੍ਰੋ. ਪ੍ਰੀਤਮ ਸਿੰਘ ਦੀਆਂ ਲਿਖਤਾਂ ਦੇ ਸੰਦਰਭ ਵਿੱਚ ਪੰਜਾਬੀਅਤ ਦਾ ਸੰਕਲਪ ਤੇ ਸਰੂਪ’’,‘‘ਪੰਜਾਬੀ ਦੀ ਮੌਲਿਕਤਾ’’, ‘‘ਮਹਿਬੂਬ ਕਾਵਿ ਵਿੱਚ ਪੰਜਾਬ ਵੰਡ ਦੀ ਤ੍ਰਾਸਦੀ ਦਾ ਚਿਤਰਨ’’ ਅਤੇ ‘‘ਪੰਜਾਬੀ ਭਾਸ਼ਾ ਤੇ ਪੰਜਾਬੀਅਤ’’ ਵਿਸ਼ਿਆਂ ਉੱਪਰ ਲਿਖੇ ਚਾਰ ਖੋਜ ਪੇਪਰ ਅਨਹਦ ਜਰਨਲ ਵਿੱਚ ਪ੍ਰਕਾਸ਼ਿਤ ਹੋਏ।

**ਡਾ. ਭਰਤ ਗੋਇਲ** ਦਾ Special Structures in Flow-Shop Scheduling with Separated Set-Up-Times and Concept of Job Block: Minimization of Waiting Time of Jobs ਵਿਸ਼ੇ ’ਤੇ ਲਿਖਿਆ ਖੋਜ ਪੇਪਰ ਸਕੋਪਸ ਇੰਡੈਕਸਡ ਅੰਤਰਰਾਸ਼ਟਰੀ ਜਰਨਲ Advances in Mathematics: Scientific Journal (Vol.9,July 2020) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਤੇਜਿੰਦਰਪਾਲ ਸਿੰਘ** ਦਾ Concept of Raga in Guru Granth Sahib: A Divine Approach ਵਿਸ਼ੇ 'ਤੇ ਲਿਖਿਆ ਖੋਜ ਪੇਪਰ ਤ੍ਰਿਵੇਣੀ ਸੰਗੀਤ ਖੋਜ ਪੱਤ੍ਰਿਕਾ ਭਾਗ–1 (ISSN 2700-2926) ਜਰਨਲ ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਕਮਲੇਸ਼ ਕੁਮਾਰ ਦਾ ਡਾ. ਪ੍ਰਦੀਪ ਕੁਮਾਰ** ਨਾਲ ਸਾਂਝੇ ਤੌਰ 'ਤੇ Influence of Plant Harmones and Level of Phosphorus on Growth and Yield of Field Pea *(Pisum sativum*L.) under Irrigated Conditions of Punjab ਵਿਸ਼ੇ 'ਤੇ ਲਿਖਿਆ ਖੋਜ ਪੱਤਰ International Journal of Chemical Studies (Vol. 8(4)PP 2231-2234, June 2020) ਵਿੱਚ ਅਤੇ ਇਨ੍ਹਾਂ ਦਾ ਹੀ Response of Integrated Nutrient Management Practices on Growth and Tuber Yield of Potato Crop (*Solanum tuberosum* L.) in Clay Soils of Punjab ਵਿਸ਼ੇ 'ਤੇ ਲਿਖਿਆ ਖੋਜ ਪੇਪਰ International Journal of Chemical Studies (Vol.8(4), PP 2202-2206,June 2020) ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਮਹਿੰਦਰ ਲਾਲ** ਦਾ **ਪ੍ਰੋ. ਲਖਵਿੰਦਰ ਸਿੰਘ** ਨਾਲ ਸਾਂਝੇ ਤੌਰ 'ਤੇ Response of Irrigation Schedule and Nitrogen on Growth and Yield of Wheat (*Triticum aestivum* L.) under Irrigated Conditions of Punjab ਵਿਸ਼ੇ 'ਤੇ ਲਿਖਿਆ ਖੋਜ ਪੱਤਰ Journal of Pharmacognosy and Phytochemistry (Vo.9(3): 1020-1023, E-ISSN: 2278-4136, P-ISSN 2349-8234, 2020) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਜਗਤਾਰ ਸਿੰਘ** ਦਾ Determination of Voting Behaviour in Punjab: Theoretical Perspective ਵਿਸ਼ੇ 'ਤੇ ਲਿਖਿਆ ਖੋਜ ਪੱਤਰ Desh Vikas ਜਰਨਲ (Vol.7, page no. 244-250,ISSN-2394-1782,June 2020) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਪਰਮਪ੍ਰੀਤ ਕੌਰ** ਦਾ "ਮਿਹਰ ਅਪ੍ਰੋਚ ਸਾਲਵਿੰਗ ਡੂਅਲ ਹੇਜਿਟੈਂਟ ਫਜੀ ਟ੍ਰਾਂਸਪੋਰਟੇਸ਼ਨ ਪ੍ਰਾਬਲਮ ਵਿਦ ਰਿਸਟ੍ਰਿਕਸ਼ਨ" ਜਰਨਲ ਸਾਦਨਾ–ਅਕੈਡਮੀ ਪ੍ਰੋਸੀਡਿੰਗ ਇਨ ਇੰਜੀਨੀਅਰਿੰਗ ਸਾਇੰਸ ( Vol.45, PP 1-9, ISSN No. 0256-2499, January 2020) ਆਨਲਾਈਨ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਹਿਨਾ ਦਾ**Trace Determination of Parabens in Cosmetics and Personal Care Products Using Fabric Phase Sorptive Extraction and High Performance Liquid Chromatography with UV Detection ਵਿਸ਼ੇ 'ਤੇ ਲਿਖਿਆ ਖੋਜ ਪੱਤਰ Journal of Separation Science (Vol.43, Issue:13, PP 1-15,April 2020) ਵਿੱਚ ਪ੍ਰਕਾਸ਼ਿਤ ਹੋਇਆ, ਡਾ. ਹਿਨਾ ਦੇ UGC e-Pathshala Environment Science, Analytical Chemistry 2019 ਵਿੱਚ Potentiometry, pH Electrode, Conductivity Water and Salinity, DO Meter, Polarography, Coulometry, Mass Spectrometry, Cyclic Voltammetry, Anode Stripping, High Performance Liquid Chromatography and General Analytical ਵਿਸ਼ਿਆਂ 'ਤੇ 11 ਈ–ਮੋਡਿਊਲ ਪ੍ਰਕਾਸ਼ਿਤ ਹੋਏ।

**ਡਾ. ਅਮਨਪ੍ਰੀਤ ਸਿੰਘ** ਦਾ Second and Higher Order Iteration in Lagrangian Method ਵਿਸ਼ੇ 'ਤੇ ਲਿਖਿਆ ਖੋਜ ਪੇਪਰ International Journal of Advanced Sciences and Technology (Vol.28, PP 401-413, ISSN: 2005-4238, 2019) ਵਿੱਚ, Convergence Analysis of Langrangian Fuction Using Iterative Methods ਵਿਸ਼ੇ 'ਤੇ ਲਿਖਿਆ ਖੋਜ ਪੇਪਰ Journal of Critical Reviews (Vol.7, Issue 17, 2020, PP 2389-2397, ISSN-2394-5125) ਵਿੱਚ ਅਤੇ Some Beispiel and Ranber-Zustand in Penalty Function ਵਿਸ਼ੇ 'ਤੇ ਲਿਖਿਆ ਖੋਜ ਪੇਪਰ International Journal of Advanced Science and Technology (Vol. 29, No. 65, PP 3633-3645, 2020) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਰੋਜ਼ੀ ਬਾਂਸਲ** ਦਾ Plastic in Food packaging: Safety Concerns for our health and Environment ਵਿਸ਼ੇ 'ਤੇ ਲਿਖਿਆ ਖੋਜ ਪੱਤਰ Journal of Nutritional Science and Healthy Diet (Vol. 1, Issue 2, PP 16-21 July 2020) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਪਰਦੀਪ ਕੁਮਾਰ** ਦਾ Estimation of Heterosis for Yield and its Components under Normal and Sodic Soil in Barley (*Hordeum vulgare* L.) ਵਿਸ਼ੇ 'ਤੇ ਲਿਖਿਆ ਖੋਜ ਪੱਤਰ International Journal of Chemical Studies (Vol.8(2) PP-718-721, E-ISSN: 2321-4902, 20 March 2020) ਵਿੱਚ ਅਤੇ ਇਨ੍ਹਾਂ ਦਾ ਹੀ ਡਾ. ਸੁਲੇਖਾ ਨਾਲ ਸਾਂਝੇ ਤੌਰ 'ਤੇ Influence of Zinc and Boron on Growth, uptake ad yield of Brinjal (*Solanum melongena* L.) ਵਿਸ਼ੇ 'ਤੇ ਲਿਖਿਆ ਖੋਜ ਪੱਤਰ Journal of Plant Development Sciences (Vol.12(9) PP 549-553, E-ISSN: 2348-9170, 25 March 2020) ਪ੍ਰਕਾਸ਼ਿਤ ਹੋਇਆ।

## 16 ਅਧਿਆਪਕਾਂ ਵੱਲੋਂ ਪ੍ਰਕਾਸ਼ਿਤ ਖੋਜ ਪੁਸਤਕਾਂ/ਸੰਪਾਦਤ ਪੁਸਤਕਾਂ:

### 16.1 ਅਧਿਆਪਕਾਂ ਦੁਆਰਾ ਲਿਖੀਆਂ ਗਈਆਂ ਪੁਸਤਕਾਂ:

**ਡਾ. ਪੁਸ਼ਪਿੰਦਰ ਕੌਰ** ਦੀ ''ਮੁੱਢਲਾ ਪੰਜਾਬੀ ਗਿਆਨ''(ISBN 978-93-84762, ਸੰਨ 2019) ਵਿਸ਼ੇ 'ਤੇ ਲਿਖੀ ਕਿਤਾਬ ਖ਼ਾਲਸਾ ਕਾਲਜ ਪਟਿਆਲਾ ਦੇ ਪਬਲੀਕੇਸ਼ਨ ਸੈੱਲ ਦੁਆਰਾ ਪ੍ਰਕਾਸ਼ਿਤ ਕੀਤੀ ਗਈ। ਇੱਥੇ ਇਹ ਵਰਣਨਯੋਗ ਹੈ ਕਿ ਇਹ ਪਾਠ ਪੁਸਤਕ ਗੁਰੂ ਨਾਨਕ ਕਾਲਜ ਬੁਢਲਾਡਾ ਵੱਲੋਂ ਅਡਵਾਂਸਡ ਡਿਪਲੋਮਾ ਇਨ ਗ੍ਰੀਨ ਹਾਉਸ ਟੈਕਨਾਲੋਜੀ ਵਿੱਚ ਵੀ ਪਾਠ ਪੁਸਤਕ ਵਜੋਂ ਲਗਾਈ ਗਈ ਹੈ।

**ਡਾ. ਨਿਪੁੰਨਜੋਤ ਕੌਰ** ਦੀ ''ਡਿਵੈਲਪਮੈਂਟ ਆਫ ਪ੍ਰੋਟੀਏਜ਼ ਡੈਫੀਸ਼ਿਐਂਟ ਸਾਇਜੋਸੈਕਰੋਮਾਇਸਿਸ ਪੋਂਬੇ ਯੂਜ਼ਿੰਗ ਜੀਨ ਸਾਇਲੈਂਸਿੰਗ ਅਪਰੋਚ'' ਬੁੱਕਮੈਨ ਪਬਲੀਸ਼ਰਜ, ਦਿੱਲੀ (ਮਾਰਚ 2020), Drug Abuse: Problems, Management and Prevention ਅਤੇ ''ਨਸ਼ਿਆਂ ਦੀ ਦੁਰਵਰਤੋਂ ਸਮੱਸਿਆ; ਪ੍ਰਬੰਧਨ ਅਤੇ ਰੋਕਥਾਮ'' ਵਿਸ਼ਿਆਂ 'ਤੇ ਕਿਤਾਬਾਂ 21ਵੀਂ ਸੈਂਚੁਰੀ ਪਬਲੀਸ਼ਰਜ਼ (ਜੁਲਾਈ 2020) ਵੱਲੋਂ ਪ੍ਰਕਾਸ਼ਿਤ ਹੋਈਆਂ।

**ਪ੍ਰੋ. ਨਮਰਤਾ** ਦੀ "Linear Programming Problem" (ISBN-978-93-84594-84-8) ਅਤੇ Abstract Algebra" (ISBN-978-93-84594-85-5) ਵਿਸ਼ਿਆਂ ’ਤੇ ਦੋ ਕਿਤਾਬਾਂ R.D. Publications, Jalandhar ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ।

**ਡਾ. ਅੰਜੂ ਖੁੱਲਰ** ਦੀਆਂ "Organic Chemistry(ISBN 978-81-942584-0-7), ਅਤੇ Physical Chemistry (ISBN:978-81-942584-1-7) ਵਿਸ਼ਿਆਂ ’ਤੇ ਕਿਤਾਬਾਂ Kapila-Publication, Jalandhar, ਅਗਸਤ 2019 ਨੂੰ ਅਤੇ Drug-Abuse: Problems and Management (ISBN: 978-81-946228-1-9) ਵਿਸ਼ੇ ’ਤੇ ਕਿਤਾਬ Kinstar-Publications, Jalandhar ਵੱਲੋਂ ਜੂਨ 2020 ਨੂੰ ਪ੍ਰਕਾਸ਼ਿਤ ਹੋਈ।

**ਡਾ. ਭਰਤ ਗੋਇਲ** ਦੀਆਂ ਪੁਸਤਕਾਂ Nx2 Flow Shop Scheduling, Waiting Times of Jobs Models in Nx2 Flow Shop Scheduling ਅਤੇ Parameters in 2 Stage Flow scheduling Models ਵਿਸ਼ੇ ’ਤੇ Lahmbert Academic Publishing, Mauritius ਤੋਂ ਸੰਨ 2020 ਵਿੱਚ ਪ੍ਰਕਾਸ਼ਿਤ ਹੋਈਆਂ।

**ਡਾ. ਸਤਵਿੰਦਰ ਕੌਰ** ਦੀ "Economics of Pulse Cultivation: A Case Study" ਵਿਸ਼ੇ ’ਤੇ ਪੁਸਤਕ ਸਵਾਸਤਿਕ ਪਬਲੀਕੇਸ਼ਨ ਵੱਲੋਂ (ISSN 978-93-87367-29-6, 2019) ਪ੍ਰਕਾਸ਼ਿਤ ਹੋਈ।

**ਡਾ. ਅਮਨਪ੍ਰੀਤ ਸਿੰਘ** ਦੀ "Mathematics for MCA (PGCA 1901)" ਪੁਸਤਕ IK Gujral Punjab Technical University Jalandhar ਵੱਲੋਂ ਪ੍ਰਕਾਸ਼ਿਤ ਹੋਈ।

### 16.2 ਅਧਿਆਪਕਾਂ ਦੁਆਰਾ ਸੰਪਾਦਤ ਕੀਤੀਆਂ ਗਈਆਂ ਪੁਸਤਕਾਂ:

ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਅਤੇ **ਡਾ. ਦਵਿੰਦਰ ਸਿੰਘ** ਦੁਆਰਾ ਸ੍ਰੀ ਗਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ‘ਨਾਨਕ ਵਾਹੁ ਵਾਹੁ’ ਕਾਵਿ ਸੰਗ੍ਰਹਿ ਪੁਸਤਕ ਸੰਨ 2019 ਵਿੱਚ ਸੰਪਾਦਤ ਕੀਤੀ ਗਈ।

ਪੰਜਾਬੀ ਵਿਭਾਗ ਦੁਆਰਾ ਮੁੱਖ ਸੰਪਾਦਕ **ਡਾ. ਧਰਮਿੰਦਰ ਸਿੰਘ ਉੱਭਾ ਅਤੇ ਸੰਪਾਦਕ ਪ੍ਰੋ. ਪਰਮਜੀਤ ਕੌਰ, ਡਾ. ਪੁਸ਼ਪਿੰਦਰ ਕੌਰ, ਪ੍ਰੋ. ਜਗਰੂਪ ਕੌਰ, ਡਾ. ਦਵਿੰਦਰ ਸਿੰਘ, ਡਾ. ਸਰਬਜੀਤ ਸਿੰਘ** ਅਤੇ **ਡਾ. ਜਸਵਿੰਦਰ ਸਿੰਘ** ਦੁਆਰਾ ਪੰਜਾਬੀ ਸਾਹਿਤ ਚਿੰਤਨ: ਗਲੋਬਲੀ ਪਰਿਪੇਖ ਵਿਸ਼ੇ ’ਤੇ ਪੁਸਤਕ ਸੰਨ 2020 ਵਿੱਚ ਸੰਪਾਦਤ ਕੀਤੀ ਗਈ। ਇਹ ਪੁਸਤਕ ਦੂਜੀ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ ਵਿਚ ਪੜ੍ਹੇ ਗਏ ਖੋਜ ਪੱਤਰਾਂ ਦਾ ਸੰਗ੍ਰਹਿ ਹੈ।

ਮੁੱਖ ਸੰਪਾਦਕ **ਡਾ. ਧਰਮਿੰਦਰ ਸਿੰਘ ਉੱਭਾਅਤੇ ਸੰਪਾਦਕ ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਅਤੇ **ਡਾ. ਗੋਰਖ ਸਿੰਘ** ਦੁਆਰਾ Sustainable Agriculture and Environment ਵਿਸ਼ੇ ’ਤੇ ਪੁਸਤਕ ਸੰਨ 2019 ਵਿੱਚ ਸੰਪਾਦਤ ਕੀਤੀ ਗਈ।

ਉਪਰੋਕਤ ਤਿੰਨੋਂ ਪੁਸਤਕਾਂ ਕਾਲਜ ਦੇ ਪਬਲੀਕੇਸ਼ਨ ਸੈੱਲ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

**17. ਅਧਿਆਪਕਾਂ ਦੇ ਰਾਸ਼ਟਰੀ ਅਖਬਾਰਾਂ/ਰਸਾਲਿਆਂ ਵਿੱਚ ਪ੍ਰਕਾਸ਼ਿਤ ਐਡੀਟੋਰੀਅਲ ਲੇਖ:**

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਦੇ ਇਸ ਸੈਸ਼ਨ ਦੌਰਾਨ ਵੱਖ-ਵੱਖ ਅਖਬਾਰਾਂ ਵਿੱਚ ਚਾਰ ਲੇਖ ਪ੍ਰਕਾਸ਼ਿਤ ਹੋਏ। ਮਿਤੀ 11 ਮਈ 2020 ਨੂੰ ਕੌਮੀ ਤਕਨਾਲੋਜੀ ਦਿਵਸ ਨੂੰ ਸਮਰਪਿਤ ‘‘11 ਮਈ ਕੌਮੀ ਤਕਨਾਲੋਜੀ ਦਿਵਸ: ਸ਼ਾਨਦਾਰ ਤਕਨੀਕੀ ਤਾਕਤ ਦੀ ਯਾਦ ਦਿਵਾਉਂਦਾ ਹੈ’’ ਵਿਸ਼ੇ ’ਤੇ ਲਿਖਿਆ ਲੇਖ ਜਗਬਾਣੀ ਵੈੱਬ ਪੋਰਟਲ ’ਤੇ ਅਤੇ ਮਿਤੀ 22 ਮਈ 2020 ਨੂੰ ਜੀਵ ਵਿਭਿੰਨਤਾ ਦਿਵਸ ਮੌਕੇ ’ਤੇ ‘‘ਕਰੋਨਾ ਮਹਾਂਮਾਰੀ ਅਤੇ ਜੀਵ ਵਿਭਿੰਨਤਾ ਦਿਵਸ 2020’’ ਵਿਸ਼ੇ ’ਤੇ ਲਿਖਿਆ ਲੇਖ ਪੰਜਾਬੀ ਜਾਗਰਣ ਅਖਬਾਰ ਦੇ ਪੰਜਾਬ ਜਾਗਰਣ ਸਫੇ ’ਤੇ ਅਤੇ 05 ਜੂਨ 2020 ਨੂੰ ਵਿਸ਼ਵ ਵਾਤਾਵਰਣ ਦਿਵਸ ’ਤੇ ਵਿਸ਼ੇਸ਼ ਲੇਖ ‘‘ਸਾਰੇ ਹੱਲ ਕੁਦਰਤ ਵਿੱਚ ਵਿਦਮਾਨ’’ ਚੜ੍ਹਦੀ ਕਲਾ ਅਖਬਾਰ ਦੇ ਸੰਪਾਦਕੀ ਸਫ਼ੇ ’ਤੇ ‘‘ਮਨੁੱਖ ਕੁਦਰਤ ਦਾ ਸੁਨੇਹਾ ਸਮਝਣ ਦੀ ਕੋਸ਼ਿਸ਼ ਕਰੇ’’ ਪੰਜਾਬ ਟਾਈਮਜ਼ ਅਖਬਾਰ ਦੇ ਸੰਪਾਦਕੀ ਸਫ਼ੇ ’ਤੇ ਪ੍ਰਕਾਸ਼ਿਤ ਹੋਏ।

**18. ਅਧਿਆਪਕ ਸਾਹਿਬਾਨਾਂ ਦੁਆਰਾ ਦਿੱਤੀ ਗਈ ਜੱਜਮੈਂਟ/ਕਾਨਫ਼ਰੰਸਾਂ ਵਿੱਚ ਚੇਅਰ ਕੀਤੇ ਗਏ ਸੈਸ਼ਨ:**

**18.1 ਅਧਿਆਪਕ ਸਾਹਿਬਾਨਾਂ ਦੁਆਰਾ ਦਿੱਤੀ ਗਈ ਜੱਜਮੈਂਟ:**

ਇਸ ਸੈਸ਼ਨ ਦੌਰਾਨ **ਪ੍ਰੋ. ਸੰਦੀਪ ਕੌਰ ਚਹਿਲ** ਨੇ Patiala Heritage Festival ਵਿੱਚ ਕਰਵਾਏ ਗਏ ਲੋਕ ਨਾਚ ਦੇ ਮੁਕਾਬਲਿਆਂ ਅਤੇ **ਡਾ. ਰੋਜੀ ਬਾਂਸਲ** ਨੇ DAV Public School ਪਟਿਆਲਾ ਵੱਲੋਂ ਕਰਵਾਏ ਗਏ ਫੂਡ ਕਾਰਨੀਵਲ-ਫੂਡ ਫੈਸਟ ਵਿੱਚ ਬਤੌਰ ਜੱਜ ਦੀਆਂ ਸੇਵਾਵਾਂ ਨਿਭਾਈਆਂ।

**18.2 ਅਧਿਆਪਕਾਂ ਵੱਲੋਂ ਕਾਨਫ਼ਰੰਸਾਂ ਵਿੱਚ ਚੇਅਰ ਕੀਤੇ ਸੈਸ਼ਨ:**

**ਡਾ. ਨਿਪੁੰਨਜੋਤ ਕੌਰ** ਨੇ ਮਿਤੀ 07 ਮਾਰਚ 2020 ਨੂੰ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਹੋਈ ਰਾਸ਼ਟਰੀ ਪੱਧਰ ਦੀ ਕਾਨਫ਼ਰੰਸ ਵਿੱਚ ਸੈਸ਼ਨ ਚੇਅਰ ਕਰਨ ਦਾ ਸਨਮਾਨ ਪ੍ਰਾਪਤ ਕੀਤਾ।

**ਡਾ. ਰੂਪੀ ਧੀਰ** ਅਤੇ **ਡਾ. ਹੀਨਾ** ਨੇ ਮਿਤੀ 19 ਫਰਫ਼ਰੀ 2020 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹੋਈ 12 ਵੀਂ ਰਾਸ਼ਟਰੀ ਕਾਨਫ਼ਰੰਸ ਆਨ CESAI ਵਿੱਚ ਸੈਸ਼ਨ ਚੇਅਰ ਕਰਨ ਦਾ ਸਨਮਾਨ ਪ੍ਰਾਪਤ ਕੀਤਾ।

## 19. ਅਧਿਆਪਕਾਂ ਨੂੰ ਮਿਲੇ ਮਾਈਨਰ ਰਿਸਰਚ ਪ੍ਰੋਜੈਕਟ:

**ਪ੍ਰੋ. ਹਰਪ੍ਰੀਤ ਕੌਰ** ਨੇ ਮਿਤੀ 06 ਫ਼ਰਵਰੀ 2020 ਨੂੰ ਮਾਈਨਰ ਰਿਸਰਚ ਪ੍ਰੋਜੈਕਟ, ਜਿਸ ਦਾ ਵਿਸ਼ਾ "Job Scheduling Problems by Fuzzy Numbers", CFC Scheme of UGC ਅਧੀਨ 30,000/- ਰਾਸ਼ੀ ਦੀ ਗਰਾਂਟ ਨਾਲ ਪ੍ਰਾਪਤ ਕੀਤਾ।

**ਡਾ.ਰਾਸ਼ੀ ਬਾਂਸਲ** ਨੇ ਮਿਤੀ 6 ਫ਼ਰਵਰੀ 2020 ਨੂੰ ਮਾਈਨਰ ਰਿਸਰਚ ਪ੍ਰੋਜੈਕਟ, ਜਿਸ ਦਾ ਵਿਸ਼ਾ "To Study the Statistics of Plant Growth", ਅਧੀਨ 40,000/- ਰਾਸ਼ੀ ਦੀ ਗਰਾਂਟ ਨਾਲ ਪ੍ਰਾਪਤ ਕੀਤਾ।

## 20. ਸਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ:

### 20.1 ਨੌਰਥ ਜ਼ੋਨ ਅੰਤਰਵਰਸਿਟੀ ਯੂਥ ਫੈਸਟੀਵਲ:

ਮਿਤੀ 25-29 ਦਸੰਬਰ 2019 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਨੌਰਥ ਜ਼ੋਨ ਅੰਤਰਰਾਸ਼ਟਰੀ ਯੂਥ ਫੈਸਟੀਵਲ ਵਿੱਚ ਕਾਲਜ ਦੇ ਵਿਦਿਆਰਥੀ **ਜਸਮੀਤ ਕੌਰ** ਅਤੇ **ਆਦਿਲ ਖ਼ਾਨ** ਨੇ **ਫੋਕ ਆਰਕੈਸਟਰਾ** ਦੀ ਪੇਸ਼ਕਾਰੀ ਵਿੱਚ ਭਾਗ ਲਿਆ ਅਤੇ **ਪਹਿਲਾ ਸਥਾਨ** ਹਾਸਲ ਕੀਤਾ।

ਕਾਲਜ ਦੇ ਵਿਦਿਆਰਥੀ **ਅਮਾਨਤ ਚਾਵਰੀਆ** ਅਤੇ **ਜਸਮੀਤ ਕੌਰ** ਨੇ **ਪੱਛਮੀ ਸਮੂਹ ਗੀਤ** ਦੀ ਪੇਸ਼ਕਾਰੀ ਵਿੱਚ ਭਾਗ ਲਿਆ। ਕਾਲਜ ਦੇ ਵਿਦਿਆਰਥੀ **ਸ਼ੁਭਮ ਸਰੋਏ** ਨੇ **ਕਲਾਸੀਕਲ ਵੋਕਲ** ਦੀ ਪੇਸ਼ਕਾਰੀ ਵਿੱਚ ਭਾਗ ਲਿਆ।

### 20.2 ਨੈਸ਼ਨਲ ਇੰਟਰਵਰਸਿਟੀ ਯੂਥ ਫੈਸਟੀਵਲ:

ਮਿਤੀ 3-7 ਫਰਵਰੀ 2020 ਨੂੰ Amity University Noida ਵਿਖੇ ਹੋਏ ਨੈਸ਼ਨਲ ਇੰਟਰਵਰਸਿਟੀ ਯੂਥ ਫੈਸਟੀਵਲ ਵਿੱਚ ਕਾਲਜ ਦੇ ਵਿਦਿਆਰਥੀ **ਜਸਮੀਤ ਕੌਰ** ਅਤੇ **ਆਦਿਲ ਖ਼ਾਨ** ਨੇ **ਫੋਕ ਆਰਕੈਸਟਰਾ** ਦੀ ਪੇਸ਼ਕਾਰੀ ਵਿੱਚ ਭਾਗ ਲਿਆ ਜੋ **ਪਹਿਲੇ ਸਥਾਨ** ’ਤੇ ਰਹੀ।

### 20.3 ਓਪਨ ਨੈਸ਼ਨਲ ਯੂਥ ਫੈਸਟੀਵਲ:

ਮਿਤੀ 12-16 ਜਨਵਰੀ 2020 ਨੂੰ ਲਖਨਊ ਯੂਨੀਵਰਸਿਟੀ ਵਿਖੇ ਹੋਏ ਓਪਨ ਨੈਸ਼ਨਲ ਯੂਥ ਫੈਸਟੀਵਲ ਵਿੱਚ ਕਾਲਜ ਦੇ ਵਿਦਿਆਰਥੀ **ਜਸਮੀਤ ਕੌਰ, ਅਮਾਨਤ ਚਾਵਰੀਆ** ਅਤੇ **ਆਦਿਲ ਖ਼ਾਨ** ਨੇ **ਗਰੁੱਪ ਲੋਕ ਗੀਤ** ਦੀ ਪੇਸ਼ਕਾਰੀ ਵਿੱਚ ਭਾਗ ਲਿਆ ਜੋ **ਦੂਜੇ ਸਥਾਨ** ’ਤੇ ਰਹੀ।

**20.4 ਪੰਜਾਬ ਸਟੇਟ ਇੰਟਰ ਯੂਨੀਵਰਸਿਟੀ ਯੂਥ ਫੈਸਟੀਵਲ:**

ਮਿਤੀ 30-31 ਜਨਵਰੀ 2020 ਨੂੰ ਚੰਡੀਗੜ੍ਹ ਯੂਨੀਵਰਸਿਟੀ ਘੜੂਆਂ ਵਿਖੇ ਹੋਏ ਪੰਜਾਬ ਸਟੇਟ ਇੰਟਰ ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ **ਝੂੰਮਰ,ਫੋਕ ਆਰਕੈਸਟਰਾ, ਇੰਡੀਅਨ ਗਰੁੱਪ ਸੌਂਗ** ਅਤੇ **ਪ੍ਰੰਪਰਾਗਤ ਪਹਿਰਾਵਾ ਪ੍ਰਦਰਸ਼ਨੀ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਗਰੁੱਪ ਸ਼ਬਦ, ਰਵਾਇਤੀ ਲੋਕ ਗੀਤ** ਅਤੇ **ਲੋਕ ਗੀਤ** ਵਿੱਚ ਦੂਜਾ ਸਥਾਨ ਹਾਸਲ ਕੀਤਾ।

ਕਾਲਜ ਨੇ **ਵੈਸਟਰਨ ਗਰੁੱਪ ਸੌਂਗ** ਵਿੱਚ **ਤੀਜਾ ਸਥਾਨ** ਹਾਸਲ ਕੀਤਾ।

**20.5 ਅੰਤਰ ਖੇਤਰੀ ਯੁਵਕ ਮੇਲਾ:**

ਅੰਤਰ ਖੇਤਰੀ ਯੁਵਕ ਮੇਲੇ ਦੌਰਾਨ ਕਾਲਜ ਨੇ **ਓਵਰਆਲ ਮਿਊਜ਼ਿਕ ਟਰਾਫ਼ੀ, ਓਵਰਆਲ ਲੋਕ ਕਲਾਵਾਂ ਟਰਾਫ਼ੀ, ਥੀਏਟਰ ਆਈਟਮਾਂ ਦੀ ਟਰਾਫ਼ੀ, ਲੋਕ ਖੇਡਾਂ ਦੀ ਟਰਾਫ਼ੀ** ਅਤੇ **ਓਵਰਆਲ ਡਾਂਸ ਟਰਾਫ਼ੀ** ਹਾਸਲ ਕੀਤੀ।

**ਅਤੇ ਓਵਰਆਲ ਚੈਂਪੀਅਨ** ਰਿਹਾ।

ਮਿਤੀ11-13 ਅਕਤੂਬਰ 2019 ਤੱਕ ਹੋਏ **ਅੰਤਰ ਖੇਤਰੀ ਯੁਵਕ ਮੇਲੇ** ਦੌਰਾਨ ਕਾਲਜ ਨੇ **ਰਵਾਇਤੀ ਲੋਕ ਗੀਤ, ਲੋਕ ਗੀਤ, ਮਿਮਿਕਰੀ, ਪਹਿਰਾਵਾ ਪ੍ਰਦਰਸ਼ਨੀ, ਕਲੀ ਗਾਇਨ, ਪਰਾਂਦਾ, ਕਰੋਸ਼ੀਆ, ਕਲਾਸੀਕਲ ਵੋਕਲ, ਝੂੰਮਰ, ਭਾਰਤੀ ਸਮੂਹ ਗੀਤ, ਫੋਕ ਆਰਕੈਸਟਰਾ, ਗਰੁੱਪ ਸ਼ਬਦ** ਅਤੇ **ਪੱਛਮੀ ਸਮੂਹ ਗੀਤ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

**ਲੋਕ ਸਾਜ਼, ਮਲਵੱਈ ਗਿੱਧਾ, ਭੰਗੜਾ, ਕਵੀਸ਼ਰੀ, ਵਾਰ ਗਾਇਨ, ਮੌਕੇ 'ਤੇ ਚਿੱਤਰਕਾਰੀ, ਕੁਇਜ਼ ਜਨਰਲ, ਪੱਛਮੀ ਸੋਲੋ ਗਾਇਨ, ਪ੍ਰਕਸ਼ਨ, ਖਿੱਦੋ, ਪਿੱਠੂ** ਅਤੇ **ਐਲੋਕਿਊਸ਼ਨ** ਵਿੱਚ **ਦੂਜਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਲੁੱਡੀ (ਲੜਕੇ),ਰੱਸਾ ਵਟਾਈ** ਅਤੇ **ਡੀਬੇਟ** ਵਿੱਚ **ਤੀਜਾ ਸਥਾਨ ਹਾਸਲ** ਕੀਤਾ।

**20.6 ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ:**

ਕਾਲਜ ਮੇਲੇ ਦਾ **ਓਵਰਆਲ ਚੈਂਪੀਅਨ** ਰਿਹਾ।

ਇਥੇ ਇਹ ਕਾਬਿਲ-ਏ-ਤਾਰੀਫ਼ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ **ਖੇਤਰੀ ਯੁਵਕ ਮੇਲੇ** ਅਤੇ **ਲੋਕ ਮੇਲੇ** ਦੌਰਾਨ ਕਾਲਜ ਨੇ **ਪ੍ਰਕਸ਼ਨ, ਲੋਕ ਸਾਜ਼, ਰਵਾਇਤੀ ਲੋਕ ਗੀਤ, ਗੀਤ ਗਜ਼ਲ, ਪੱਛਮੀ ਸੋਲੋ ਗੀਤ, ਪੱਛਮੀ ਸਮੂਹ ਗੀਤ, ਕਲਾਸੀਕਲ ਵੋਕਲ, ਫੋਕ ਆਰਕੈਸਟਰਾ, ਗਰੁੱਪ ਸ਼ਬਦ, ਵਾਰ ਗਾਇਨ, ਕਲੀ ਗਾਇਨ, ਕਵੀਸ਼ਰੀ, ਗਿੱਧਾ, ਰੱਸਾਕਸੀ,ਭੰਡ, ਝੂੰਮਰ, ਮਲਵੱਈ ਗਿੱਧਾ, ਸਕਿੱਟ, ਭੰਗੜਾ, ਲਘੂ ਫਿਲਮ, ਐਲੋਕਿਉਸ਼ਨ, ਮਿਮਿਕਰੀ, ਪਹਿਰਾਵਾ ਪ੍ਰਦਰਸ਼ਨੀ, ਭਾਰਤੀ ਸਮੂਹ ਗੀਤ, ਲੁੱਡੀ (ਲੜਕੀਆਂ), ਕਰੋਸ਼ੀਆ, ਕਢਾਈ, ਛਿੱਕੂ, ਮਿੱਟੀ ਦੇ ਖਿਡੌਣੇ, ਖਿੱਦੋ, ਟੋਕਰਾ, ਲੁੱਡੀ (ਲੜਕੇ), ਪਰਾਂਦਾ**, **ਰੱਸਾ ਵਟਾਈ, ਗੁੱਡੀਆਂ ਪਟੋਲੇ, ਗੀਟੇ** ਅਤੇ **ਪਿੱਠੂ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਸੱਭਿਆਚਾਰਕ ਕੁਇਜ਼, ਕੁਇਜ਼ ਜਨਰਲ, ਰੰਗੋਲੀ, ਡੀਬੇਟ, ਮੌਕੇ 'ਤੇ ਚਿੱਤਰਕਾਰੀ, ਫੋਟੋਗ੍ਰਾਫ਼ੀ, ਨਾਲਾ, ਪੀੜੀ, ਇੰਨੂ, ਲੋਕ ਗੀਤ** ਅਤੇ **ਸੰਮੀ** ਵਿੱਚ **ਦੂਜਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਕੋਲਾਜ, ਕਲਾਸੀਕਲ ਡਾਂਸ, ਲੂਣ ਮਿਆਣੀ** ਅਤੇ **ਨੁੱਕੜ ਨਾਟਕ** ਵਿੱਚ **ਤੀਜਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਮਿਊਜ਼ਿਕ, ਥੀਏਟਰ, ਲੋਕ ਖੇਡਾਂ, ਡਾਂਸ** ਅਤੇ **ਲੋਕ ਕਲਾਵਾਂ** ਵਿੱਚ **ਓਵਰਆਲ ਟਰਾਫ਼ੀ** ਪ੍ਰਾਪਤ ਕੀਤੀ।

**21. ਐਨ.ਸੀ.ਸੀ. ਆਰਮੀ ਅਤੇ ਏਅਰਵਿੰਗ:**

**21.1 ਐਨ.ਸੀ.ਸੀ. ਆਰਮੀ ਵਿੰਗ:**

**ਡਾ. ਨਿਸ਼ਾਨ ਸਿੰਘ** ਦੀ ਸੁਯੋਗ ਅਗਵਾਈ ਅਧੀਨ ਚੱਲ ਰਹੇ ਐਨ.ਸੀ.ਸੀ. ਆਰਮੀ ਵਿੰਗ ਵਿੱਚ ਸੈਸ਼ਨ 2019-20 ਦੌਰਾਨ **55 ਕੈਡਿਟਸ** ਭਰਤੀ ਕੀਤੇ ਗਏ।

ਮਿਤੀ 21 ਜੂਨ 2019 ਨੂੰ ਵਿੰਗ ਦੇ **47 ਕੈਡਿਟਸ** ਨੇ ਖ਼ਾਲਸਾ ਕਾਲਜ ਪਟਿਆਲਾ ਵਿਖੇ **International Yoga Day** ’ਚ ਸ਼ਮੂਲੀਅਤ ਕੀਤੀ।

ਮਿਤੀ 02 ਸਤੰਬਰ 2019 ਤੋਂ 11 ਸਤੰਬਰ 2019 ਤੱਕ ਰੋਪੜ ਵਿਖੇ **ਆਯੋਜਿਤ ਕੈਂਪ** ਵਿੱਚ **06 ਕੈਡਿਟਸ** ਨੇ ਭਾਗ ਲਿਆ।

ਮਿਤੀ 22 ਸਤੰਬਰ 2019 ਤੋਂ 01 ਅਕਤੂਬਰ 2019 ਤੱਕ ਮਲੋਟ ਵਿਖੇ ਆਯੋਜਿਤ **Basic Leadership Camp** ਵਿੱਚ **02 ਕੈਡਿਟਸ** ਨੇ ਭਾਗ ਲਿਆ ਅਤੇ **01 ਸੋਨੇ ਦਾ ਮੈਡਲ** ਹਾਸਲ ਕੀਤਾ।

ਮਿਤੀ 11 ਅਕਤੂਬਰ 2019 ਤੋਂ 20 ਅਕਤੂਬਰ 2019 ਤੱਕ ਰੋਪੜ ਵਿਖੇ ਆਯੋਜਿਤ **Annual Training Camp**ਵਿੱਚ ਵਿੰਗ ਦੇ **24 ਕੈਡਿਟਸ** ਨੇ ਭਾਗ ਲਿਆ ਅਤੇ **04 ਸੋਨੇ ਦੇ ਮੈਡਲ, 03 ਚਾਂਦੀ ਦੇ ਮੈਡਲ**ਅਤੇ **03 ਕਾਂਸੀ ਦੇ ਮੈਡਲ**ਹਾਸਲ ਕੀਤੇ।

ਮਿਤੀ 06 ਜਨਵਰੀ 2020 ਤੋਂ 20 ਜਨਵਰੀ 2020 ਤੱਕ ਪਟਿਆਲਾ ਵਿਖੇ ਆਯੋਜਿਤ **Army Attachment Camp** ਵਿੱਚ **08 ਕੈਡਿਟਸ** ਨੇ ਭਾਗ ਲਿਆ ਅਤੇ **01 ਸੋਨੇ ਦਾ ਤਗਮਾ, 01 ਚਾਂਦੀ ਦਾ ਤਗਮਾ** ਹਾਸਲ ਕੀਤਾ।

ਵਿੰਗ ਦੇ **01 ਕੈਡਿਟ** ਨੇ **Asra College Bhawanigarh**ਵਿਖੇ ਆਯੋਜਿਤ **Thal Sena Camp**ਵਿੱਚ ਭਾਗ ਲਿਆ।

ਵਿੰਗ ਦੇ **15 ਕੈਡਿਟਸ** ਨੇ **26 ਜਨਵਰੀ ਦੀ ਪਰੇਡ** ਅਤੇ **16 ਕੈਡਿਟਸ** ਨੇ **15 ਅਗਸਤ ਦੀ ਪਰੇਡ** ਵਿੱਚ ਭਾਗ ਲਿਆ।

ਉਪਰੋਕਤ ਤੋਂ ਇਲਾਵਾ ਵਿੰਗ ਦੇ ਕੈਡਿਟਸ ਨੇ ਵੱਖ-ਵੱਖ ਸਮੇਂ **Swachh Bharat Abiyan, Blood Donation Camp, Tree Plantation, Dengue Awareness Rally, Road Safety** and **Drug Abuse Rally**ਵਿੱਚ ਭਾਗ ਲਿਆ।

**21.2 ਐਨ.ਸੀ.ਸੀ. ਏਅਰ ਵਿੰਗ:**

ਇਸ ਸੈਸ਼ਨ ਦੌਰਾਨ ਕਾਲਜ ਦੇ ਐਨ.ਸੀ.ਸੀ. ਅਫਸਰ **ਪ੍ਰੋ. ਬਲਦੇਵ ਸਿੰਘ** ਦੀ ਸੁਯੋਗ ਅਗਵਾਈ ਅਧੀਨ ਐਨ.ਸੀ.ਸੀ. ਏਅਰ ਵਿੰਗ ਵਿੱਚ **20 ਕੈਡਿਟ** ਭਰਤੀ ਕੀਤੇ ਗਏ। ਕੁੱਲ **51 ਕੈਡਿਟਾਂ** ਵਿਚੋਂ **33 ਕੈਡਿਟਾਂ** ਨੇ ਪ੍ਰਧਾਨ ਮੰਤਰੀ ਦੁਆਰਾ ਚਲਾਈ ਗਈ **ਸਵੱਛਤਾ ਸਮਰ ਇੰਟਰਨਸ਼ਿਪ** ਵਿੱਚ, 07 ਕੈਡਿਟਾਂ ਨੇ **ਪ੍ਰੀ.ਵਾਯੂ ਸੈਨਿਕ ਕੈਂਪ** ਵਿੱਚ, **47 ਕੈਡਿਟਾਂਨੇਟ੍ਰੀ ਪਲਾਂਟੇਸ਼ਨ** ਵਿੱਚ, **39 ਕੈਡਿਟਾਂ ਨੇ ਮੈਗਾ ਸਵੱਛਤਾ ਵਾਤਾਵਰਨ ਪ੍ਰਦੂਸ਼ਣ ਰੈਲੀ** ਵਿੱਚ, 33 **ਕੈਡਿਟਾਂ ਨੇ ਐਨੂਅਲ ਟ੍ਰੇਨਿੰਗ ਕੈਂਪ**(ATC 123) ਵਿੱਚ**, 42 ਕੈਡਿਟਾਂ ਨੇ ਵਿਜੀਲੈਂਸ ਅਵੇਅਰਨੈੱਸ ਵੀਕ ਦੀ ਸਹੁੰ ਚੁੱਕਣ ਦੀ ਮੁਹਿੰਮ** ਵਿੱਚ, **37 ਕੈਡਿਟਾਂ ਨੇ ਆਰਮਡ ਫੋਰਸਿਜ਼ ਫਲੈਗ ਡੇ** ’ਤੇ **ਸਲਾਮੀ ਦੀ ਰਸਮ** ਵਿੱਚ ਭਾਗ ਲਿਆ।

ਕਾਲਜ ਦੇ ਹੋਣਹਾਰ ਕੈਡਿਟ **ਰਮਿਤ ਧਿਆਨ** ਨੇ **RDC 2020** ਦੌਰਾਨ 26 ਜਨਵਰੀ 2020 ਦੀ ਪਰੇਡ ਵਿੱਚ ਹਿੱਸਾ ਲਿਆ ਅਤੇ ਮਾਨਯੋਗ ਪ੍ਰਧਾਨ ਮੰਤਰੀ ਨੂੰ ਪੇਸ਼ ਹੋਣ ਵਾਲੀ **ਗਾਰਡ ਆਫ਼ ਆਨਰ** ਵਿੱਚ **ਹਥਿਆਰਕ ਸਲਾਮ** ਦੇਣ ਦਾ ਸੁਭਾਗ ਪ੍ਰਾਪਤ ਕੀਤਾ। ਕਾਲਜ ਦੇ ਇਸ ਹੋਣਹਾਰ ਕੈਡਿਟ **ਰਮਿਤ ਧਿਆਨ** ਨੂੰ ਦੇਸ਼ ਦੇ **ਉੱਚਤਮ 50 ਕੈਡਿਟਾਂ** ਵਿੱਚ **ਸ਼ਾਮਿਲ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ**।

ਕਾਲਜ ਦੀ ਹੋਣਹਾਰ ਕੈਡਿਟ **ਰਵਨੂਰ ਕੌਰ** ਨੇ **ਆਲ ਇੰਡੀਆ ਵਾਯੂ ਸੈਨਿਕ ਕੈਂਪ 2019** ਵਿੱਚ **ਭਾਗ** ਲਿਆ।

ਉਪਰੋਕਤ ਤੋਂ ਇਲਾਵਾ ਇਸ ਵਿੰਗ ਦੇ **ਕੈਡਿਟਾਂ** ਨੇ **ਫਾਇਰਿੰਗ ਟ੍ਰੇਨਿੰਗ ਅਤੇ ਸਵੱਛ ਭਾਰਤ, ਪੋਲੀਓ ਕੈਂਪ, ਟ੍ਰੈਫਿਕ ਕੰਟਰੋਲ** ਤੇ **ਖ਼ੂਨ ਦਾਨ** ਵਰਗੀਆਂ **ਸਮਾਜਿਕ ਗਤੀਵਿਧੀਆਂ ਵਿੱਚ ਭਾਗ** ਲਿਆ।

**22. ਐੱਨ.ਐੱਸ.ਐੱਸ:**

ਕਾਲਜ ਦੇ ਐੱਨ.ਐੱਸ.ਐੱਸ. ਅਫ਼ਸਰ ਪ੍ਰੋਫੈਸਰ **ਸਪਨਾ, ਡਾ. ਜਗਤਾਰ ਸਿੰਘ** ਅਤੇ **ਪ੍ਰੋ. ਰਾਜਬਿੰਦਰ ਸਿੰ**ਘ ਦੀ ਸੁਚੱਜੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਵਿਭਾਗ ਨੇ ਮਿਤੀ 20.07.2020 ਨੂੰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **'ਰੁੱਖ ਲਗਾਓ'** ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

ਮਿਤੀ 23.8.2019 ਨੂੰ ਅਵਾਰਾ ਪਸ਼ੂਆਂ ਦੀ ਸਮੱਸਿਆ ਵੱਲ ਸਰਕਾਰ ਦਾ ਧਿਆਨ ਦਿਵਾਉਣ ਲਈ **ਮੋਮਬੱਤੀ ਮਾਰਚ** ਵਿੱਚ ਸ਼ਮੂਲੀਅਤ ਕੀਤੀ ਗਈ।

ਮਿਤੀ 28.8.2019 ਨੂੰ ਸਵੱਛ ਭਾਰਤ ਮੁਹਿੰਮ ਤਹਿਤ **ਪ੍ਰੋ. ਅੱਛਰੂ ਸਿੰਘ** ਦਾ **'ਮਨ ਦੀ ਸਵੱਛਤਾ'** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

*ਮਿਤੀ 29.8.2019 ਨੂੰ ਕਾਲਜ ਵੱਲੋਂ ਭਾਰਤ ਸਰਕਾਰ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਕਾਲਜ ਦੇ ਖੇਡ ਵਿਭਾਗ ਅਤੇ ਐੱਨ.ਐੱਸ.ਐੱਸ. ਵਿਭਾਗ ਵੱਲੋਂ **'ਫਿੱਟ ਇੰਡੀਆ'** ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਲਾਈਵ ਟੈਲੀਕਾਸਟ ਦਿਖਾਇਆ ਗਿਆ।*

ਮਿਤੀ 30.8.2019 ਨੂੰ **'ਇੱਕ ਵਿਅਕਤੀ ਇੱਕ ਰੁੱਖ ਮੁਹਿੰਮ'** ਤਹਿਤ **ਰਵਾਇਤੀ ਫਲਦਾਰ ਬੂਟੇ** ਲਗਾਏ ਗਏ।

ਮਿਤੀ 01.09.2019 ਨੂੰ ਜੱਗ ਬਾਣੀ ਅਖਬਾਰ ਵੱਲੋਂ ਕਰਵਾਏ ਖ਼ੂਨਦਾਨ ਕੈਂਪ ਵਿੱਚ **22 ਵਲੰਟੀਅਰਾਂ** ਵਲੋਂ **ਖ਼ੂਨਦਾਨ** ਕੀਤਾ ਗਿਆ।

ਮਿਤੀ 02.09.2019 ਨੂੰ **'ਪੋਸ਼ਣ ਮਹੀਨਾ'** ਮੁਹਿੰਮ ਦੀ ਸ਼ੁਰੂਆਤ 'ਤੇ **ਡਾ. ਰੋਜ਼ੀ ਬਾਂਸਲ** ਦਾ **'Value Addition in Breads'**ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 03.09.2019 ਨੂੰ **'ਪੋਸ਼ਣ ਮਹੀਨਾ'** ਮੁਹਿੰਮ ਤਹਿਤ **ਪ੍ਰੋ. ਮੋਨਿਕਾ ਬਾਂਸਲ** ਦਾ **'ਕਪੋਸ਼ਨ'** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 04.09.2019 ਨੂੰ **'ਪੋਸ਼ਣ ਮਹੀਨਾ'** ਮੁਹਿੰਮ ਤਹਿਤ**ਡਾ. ਬਲਬੀਰ ਕੌਰ ਦਾ 'Iron Rich Recipes'**ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 04.09.2019 ਨੂੰ ਰਾਜਨੀਤੀ ਵਿਗਿਆਨ ਵਿਭਾਗ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ **ਡਾ. ਜਗਰੂਪ ਕੌਰ** ਦਾ **ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਰਾਜਨੀਤਿਕ ਨੈਤਿਕਤਾ**ਵਿਸ਼ੇ ’ਤੇ ਵਿਸ਼ੇਸ਼ **ਲੈਕਚਰ** ਕਰਵਾਇਆ ਗਿਆ।

ਮਿਤੀ 06.09.2019 ਨੂੰ **‘ਜਲ ਸ਼ਕਤੀ ਅਭਿਆਨ’** ਤਹਿਤ**ਪ੍ਰੋ. ਕੋਮਲਦੀਪ ਕੌਰ ਰੰਧਾਵਾ** ਅਤੇ ਅਤੇ **ਪ੍ਰੋ. ਮੰਜੂ ਮਿੱਤਲ** ਦਾ **‘ਪਾਣੀ ਦੀ ਸੰਭਾਲ’** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 06.09.2019 ਨੂੰ **‘ਸਵੱਛਤਾ ਹੀ ਸੇਵਾ’** ਮੁਹਿੰਮ ਤਹਿਤ **ਸਕਿੱਟ ਮੁਕਾਬਲੇ** ਕਰਵਾਏ ਗਏ।

ਮਿਤੀ 09.09.2019 ਨੂੰ **Zero Stubble Burning-An Environmental Change**ਵਿਸ਼ੇ ’ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸਿਖਲਾਈ **ਵਰਕਸ਼ਾਪ** ਵਿੱਚ ਭਾਗ ਲਿਆ।

ਮਿਤੀ 10.09.2019 ਨੂੰ **‘ਪੋਸ਼ਣ ਮਹੀਨਾ’** ਮੁਹਿੰਮ ਤਹਿਤ **Processed Food and Fresh Food** ਵਿਸ਼ੇ ’ਤੇ **ਗਰੁੱਪ ਡਿਸਕਸ਼ਨ** ਕਰਵਾਈ ਗਈ।

ਮਿਤੀ 11.09.2019 ਨੂੰ **‘ਪੋਸ਼ਣ ਮਹੀਨਾ’** ਮੁਹਿੰਮ ਤਹਿਤ **'Amazing Food Facts related to Processed Food'** ਵਿਸ਼ੇ ’ਤੇ **ਵਰਕਸ਼ਾਪ** ਲਗਾਈ ਗਈ।

ਮਿਤੀ 12.09.2019 ਨੂੰ **‘ਪੋਸ਼ਣ ਮਹੀਨਾ’** ਮੁਹਿੰਮ ਤਹਿਤ **Hand to Hand Learning Experience of Indefeasible recipes of India (Punjab)'** ਵਿਸ਼ੇ ’ਤੇ ਵਰਕਸ਼ਾਪ ਲਗਾਈ ਗਈ।

ਮਿਤੀ 16.09.2019 ਨੂੰ **‘ਪੋਸ਼ਣ ਮਹੀਨਾ’** ਮੁਹਿੰਮ ਤਹਿਤ **ਸਲੋਗਨ ਲੇਖਨ ਮੁਕਾਬਲੇ** ਕਰਵਾਏ ਗਏ।

ਮਿਤੀ 17.09.2019 ਨੂੰ **‘ਪੋਸ਼ਣ ਮਹੀਨਾ’** ਮੁਹਿੰਮ ਤਹਿਤ **ਪੋਸਟਰ ਮੇਕਿੰਗ ਮੁਕਾਬਲੇ** ਕਰਵਾਏ ਗਏ।

ਮਿਤੀ 17.09.2019 ਨੂੰ **'ਪਲਾਸਟਿਕ ਦੀ ਵਰਤੋਂ ਦੇ ਨੁਕਸਾਨ'** ਵਿਸ਼ੇ 'ਤੇ **ਭਾਸ਼ਣ ਮੁਕਾਬਲਾ** ਕਰਵਾਇਆ ਗਿਆ।

ਮਿਤੀ 18.09.2019 ਨੂੰ **'ਰੁੱਖ ਲਗਾਓ'** ਮੁਹਿੰਮ ਤਹਿਤ ਕਾਲਜ ਦੇ ਟੀਚਿੰਗ ਸਟਾਫ਼ ਦੁਆਰਾ **ਬੂਟੇ** ਲਗਾਏ ਗਏ।

ਮਿਤੀ 19.09.2019 ਨੂੰ **'ਪੋਸ਼ਣ ਮਹੀਨਾ'** ਮੁਹਿੰਮ ਤਹਿਤ **'ਭੋਜਨ ਆਦਤਾਂ** ਅਤੇ **ਸੰਤੁਲਿਤ ਆਹਾਰ'** ਵਿਸ਼ੇ 'ਤੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ **ਕਵੀ ਦਰਬਾਰ** ਆਯੋਜਿਤ ਕੀਤਾ ਗਿਆ। ਇਸੇ ਹੀ ਦਿਨ ਮਿਤੀ 19.09.2019 ਨੂੰ **'ਰੁੱਖ ਲਗਾਓ'** ਮੁਹਿੰਮ ਤਹਿਤ ਕਾਲਜ ਵਿੱਚ ਬੂਟੇ ਲਗਾਏ ਗਏ ਅਤੇ **'ਸਵੱਛਤਾ ਹੀ ਸੇਵਾ'** ਮੁਹਿੰਮ ਤਹਿਤ ਕਾਲਜ ਕੈਂਪਸ ਦੀ ਸਫ਼ਾਈ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ।

ਮਿਤੀ 23.09.2019 ਨੂੰ **'ਪੋਸ਼ਣ ਮਹੀਨਾ'** ਮੁਹਿੰਮ ਤਹਿਤ ਕਾਲਜ ਦੇ ਨਾਨ-ਟੀਚਿੰਗ ਫੀਮੇਲ ਸਟਾਫ਼ ਦੀ **ਪੋਸ਼ਣ ਵਿਸ਼ੇ** 'ਤੇ ਵਰਕਸ਼ਾਪ ਲਗਾਈ ਗਈ।

ਮਿਤੀ 30.09.2019 ਨੂੰ **'ਪੋਸ਼ਣ ਮੁਹਿੰਮ'** ਮੁਹਿੰਮ ਤਹਿਤ **ਬਲੱਡ ਚੈੱਕਅਪ** ਕੈਂਪ ਲਗਾਇਆ ਗਿਆ।

ਮਿਤੀ 02.10.2019 ਨੂੰ **ਸਵੱਛਤਾ ਹੀ ਸੇਵਾ** ਮੁਹਿੰਮ ਤਹਿਤ **ਇੱਕ ਰੋਜ਼ਾ ਕੈਂਪ** ਲਗਾਇਆ ਗਿਆ, ਜਿਸ ਵਿੱਚ ਮਿਊਂਸੀਪਲ ਕਾਰਪੋਰੇਸ਼ਨ ਪਟਿਆਲਾ ਦੇ ਸਹਿਯੋਗ ਨਾਲ ਕਾਲਜ ਕੈਂਪਸ ਦੇ ਆਲੇ ਦੁਆਲੇ ਦੀਆਂ ਸੜਕਾਂ ਤੋਂ ਪਲਾਸਟਿਕ ਕਚਰਾ ਇਕੱਠਾ ਕੀਤਾ ਗਿਆ।

ਮਿਤੀ 04.10.2019 ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਕਾਲਜ ਵੱਲੋਂ ਅਡਾਪਟ ਕੀਤੇ ਗਏ ਪਿੰਡਾਂ ਵਿੱਚ ਪਰਾਲੀ ਸਾੜਨ ਵਿਰੁੱਧ **ਜਾਗਰੂਕਤਾ ਰੈਲੀਆਂ** ਦਾ ਆਯੋਜਨ ਕੀਤਾ ਗਿਆ।

ਮਿਤੀ 08.11.2019 ਨੂੰ **ਖ਼ੂਨਦਾਨ ਕੈਂਪ** ਲਗਾਇਆ ਗਿਆ।

ਮਿਤੀ 20.11.2019 ਨੂੰ **ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਘਟਾਉਣ ਸਬੰਧੀਜਾਗਰੂਕਤਾ ਅਭਿਆਨ ਐਪ ਡਾਉਨਲੋਡ** ਕੀਤੀ ਗਈ ਅਤੇ **ਪੋਸਟਰ ਮੇਕਿੰਗ ਮੁਕਾਬਲੇ** ਕਰਵਾਏ ਗਏ।

ਮਿਤੀ 16.01.2020 ਤੋਂ 31.01.2020 ਤੱਕ **ਸਵੱਛਤਾ ਹੀ ਸੇਵਾ** ਮੁਹਿੰਮ ਤਹਿਤ **ਭਿੰਨ-ਭਿੰਨ ਪ੍ਰੋਗਰਾਮ** ਕਰਵਾਏ ਗਏ।

ਮਿਤੀ 04.2.2020 ਨੂੰ **ਉੱਨਤ ਭਾਰਤ ਸਕੀਮ** ਤਹਿਤ ਅਡਾਪਟ ਕੀਤੇ ਗਏ ਪਿੰਡ ਪਸਿਆਣਾ, ਰਣਬੀਰਪੁਰਾ ਅਤੇ ਜਾਹਲਾਂ ਵਿਖੇ ਕਾਲਜ ਦੇ ਥੀਏਟਰ ਵਿਭਾਗ ਦੇ ਸਹਿਯੋਗ ਨਾਲ ਵਾਤਾਵਰਣ ਸੰਭਾਲ ਵਿਸ਼ੇ ’ਤੇ **ਨੁੱਕੜ ਨਾਟਕ** ਖੇਡੇ ਗਏ ਅਤੇ **ਜਾਗਰੂਕਤਾ ਰੈਲੀਆਂ**ਕੱਢੀਆਂ ਗਈਆਂ।

ਮਿਤੀ 14.02.2020 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ **ਮਾਤਾ ਭਾਸ਼ਾ ਦਿਵਸ** ਨੂੰ ਸਮਰਪਿਤ ਪ੍ਰੋਗਰਾਮ ਵਿੱਚ **ਸ਼ਮੂਲੀਅਤ** ਕੀਤੀ ਗਈ।

ਮਿਤੀ 27.02.2020 ਨੂੰ ਪਿੰਡ ਧਬਲਾਨ ਵਿਖੇ **ਅਮਰ ਹਸਪਤਾਲ ਪਟਿਆਲਾ** ਦੇ ਸਹਿਯੋਗ ਨਾਲ ਇਸਤਰੀ ਰੋਗ ਸਬੰਧੀ **ਮੁਫ਼ਤ ਮੈਡੀਕਲ ਜਾਂਚ** ਕੈਂਪ ਲਗਾਇਆ ਗਿਆ।

ਮਿਤੀ 14.04.2020 ਨੂੰ **'Role of NSS Volunteers in Corona Crisis'**ਵਿਸ਼ੇ ’ਤੇ **ਆਨਲਾਈਨ ਸੈਮੀਨਾਰ** ਕਰਵਾਇਆ ਗਿਆ।

ਮਿਤੀ 20.04.2020 ਨੂੰ ਐੱਨ.ਐੱਸ.ਐੱਸ. ਵਲੰਟੀਅਰਾਂ ਵੱਲੋਂ ਲੋੜਵੰਦ ਵਿਕਤੀਆਂ ਨੂੰ **ਭੋਜਨ ਵੰਡਿਆ** ਗਿਆ।

ਮਿਤੀ 23.04.2020 ਨੂੰ ਕਾਲਜ ਵੱਲੋਂ ਅਡਾਪਟ ਕੀਤੇ ਗਏ ਪਿੰਡਾਂ ਵਿੱਚ ਲੋਕਾਂ ਨੂੰ ਕਰੋਨਾ ਸਬੰਧੀ ਜਾਗਰੂਕ ਕਰਨ ਲਈ **ਈ-ਬੈਨਰ ਮੁਹਿੰਮ** ਲਾਂਚ ਕੀਤੀ ਗਈ।

ਮਿਤੀ 26.04.2020 ਨੂੰ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਸਹਿਯੋਗ ਨਾਲ ਪਿੰਡਾਂ ਵਿੱਚ **ਫਰੀ ਮਾਸਕ** ਵੰਡੇ ਗਏ।

ਮਿਤੀ 27.04.2020 ਨੂੰ ਐੱਨ.ਐੱਸ.ਐੱਸ. ਵਲੰਟੀਅਰਾਂ ਵੱਲੋਂ ਕਰੋਨਾ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਆਲੇ ਦੁਆਲੇ ਦੇ ਖੇਤਰ ਨੂੰ ਸਪਰੇਅ ਕਰਕੇ ਕੀਟਾਣੂ ਰਹਿਤ ਕੀਤਾ ਗਿਆ।

ਮਿਤੀ 28.04.2020 ਨੂੰ ਕਰੋਨਾ ਸਬੰਧੀ **ਆਨਲਾਈਨ ਕਵਿਤਾ ਉਚਾਰਨ ਮੁਕਾਬਲਾ** ਕਰਵਾਇਆ ਗਿਆ।

ਮਿਤੀ 07.5.2020 ਨੂੰ **'Motivation and Morale Building'**ਵਿਸ਼ੇ 'ਤੇ **ਆਨਲਾਈਨ ਵਰਕਸ਼ਾਪ** ਲਗਾਈ ਗਈ।

## 23. ਕਾਲਜ ਵੱਲੋਂ ਮਨਾਏ ਗਏ ਖ਼ਾਸ ਦਿਵਸ/ਤਿਉਹਾਰ/ਕਰਵਾਏ ਗਏ ਵਿਸ਼ੇਸ਼ ਸਮਾਗਮ:

### 23.1 ਅੰਤਰਰਾਸ਼ਟਰੀ ਯੋਗ ਦਿਵਸ:

ਮਿਤੀ 21 ਜੂਨ 2019 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ **ਅੰਤਰਰਾਸ਼ਟਰੀ ਯੋਗ ਦਿਵਸ** ਮਨਾਇਆ ਗਿਆ। ਇਸ ਮੌਕੇ **ਡਾ. ਜਗਜੀਤ ਸਿੰਘ** ਦਾ **Meditation Through Yoga** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

### 23.2 ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ:

ਮਿਤੀ 26 ਜੂਨ 2019 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ **ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ** ਮਨਾਇਆ ਗਿਆ।

### 23.3 ਵਿਸ਼ਵ ਹੈਪੇਟਾਈਟਸ ਦਿਵਸ:

ਮਿਤੀ 29 ਜੁਲਾਈ 2019 ਨੂੰ ਐੱਨ.ਐੱਸ.ਐੱਸ. ਵਿਭਾਗ ਅਤੇ ਰੈੱਡ ਰਿਬਨ ਕਲੱਬ ਵੱਲੋਂ ਜ਼ਿਲ੍ਹਾ ਸਿਵਲ ਸਰਜਨ ਪਟਿਆਲਾ ਦੇ ਸਹਿਯੋਗ ਨਾਲ **ਵਿਸ਼ਵ ਹੈਪੇਟਾਈਟਸ ਦਿਵਸ** ਮਨਾਇਆ ਗਿਆ।

### 23.4 ਫਿੱਟ ਇੰਡੀਆ ਮੁਹਿੰਮ:

ਮਿਤੀ 29 ਅਗਸਤ, 2019 ਨੂੰ ਕਾਲਜ ਵੱਲੋਂ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਲਜ ਦੇ ਖੇਡ ਵਿਭਾਗ ਅਤੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਫਿੱਟ ਇੰਡੀਆ ਮੁਹਿੰਮ ਦਾ ਸ਼ੁੱਭ

ਆਗਾਜ਼ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੇ ਭਾਸ਼ਨ ਦਾ ਲਾਈਵ ਟੈਲੀਕਾਸਟ ਦਿਖਾਇਆ ਗਿਆ।

### 23.5 ਪੌਦੇ ਲਗਾਉਣ ਦੀ ਮੁਹਿੰਮ:

ਮਿਤੀ 30 ਅਗਸਤ, 2019 ਨੂੰ ਕਾਲਜ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ 'ਇੱਕ ਮਨੁੱਖ ਲਾਵੇ ਇੱਕ ਰੁੱਖ' ਤਹਿਤ ਰਵਾਇਤੀ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ।

### 23.6 ਅਧਿਆਪਕ ਦਿਵਸ:

ਮਿਤੀ 5 ਸਤੰਬਰ 2019 ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ ਦੁਆਰਾ ਅਧਿਆਪਕ ਦਿਵਸ ਮਨਾਇਆ ਗਿਆ।

### 23.7 ਹਿੰਦੀ ਦਿਵਸ:

ਮਿਤੀ 14 ਸਤੰਬਰ 2019 ਨੂੰ ਹਿੰਦੀ ਵਿਭਾਗ ਵੱਲੋਂ ਹਿੰਦੀ ਦਿਵਸ ਦੇ ਮੌਕੇ 'ਤੇ **ਤ੍ਰੈ-ਭਾਸ਼ਾਈ ਕਵੀਸੰਮੇਲਨ** ਕਰਵਾਇਆ ਗਿਆ ਜਿਸ ਵਿੱਚ ਹਿੰਦੂ, ਉਰਦੂ ਅਤੇ ਸੰਸਕ੍ਰਿਤ ਦੇ ਨਾਮਵਰ ਕਵੀਆਂ ਨੇ ਭਾਗ ਲਿਆ।

### 23.8 ਅੰਤਰਰਾਸ਼ਟਰੀ ਓਜ਼ੋਨ ਦਿਵਸ:

ਮਿਤੀ 16 ਸਤੰਬਰ 2019 ਨੂੰ ਭੂਗੋਲ ਵਿਭਾਗ ਵੱਲੋਂ **ਅੰਤਰਰਾਸ਼ਟਰੀ ਓਜ਼ੋਨ ਦਿਵਸ** ਮਨਾਇਆ ਗਿਆ। ਇਸ ਮੌਕੇ Director, CRRID Centre Chandigarh ਤੋਂ **ਡਾ. ਕ੍ਰਿਸ਼ਨ ਚੰਦ** ਨੇ **ਓਜ਼ੋਨ ਲੇਅਰ** ਵਿਸ਼ੇ 'ਤੇ ਲੈਕਚਰ ਦਿੱਤਾ।

### 23.9 ਐੱਨ.ਐੱਸ.ਐੱਸ. ਸਥਾਪਨਾ ਦਿਵਸ:

ਮਿਤੀ 24 ਸਤੰਬਰ 2019 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ **ਐੱਨ.ਐੱਸ.ਐੱਸ. ਸਥਾਪਨਾ ਦਿਵਸ** ਮੌਕੇ ਗੋਲਡਨ ਜੁਬਲੀ ਵਰ੍ਹੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ।

**23.10ਸਾਲਾਨਾ ਕਨਵੋਕੇਸ਼ਨ:**

ਮਿਤੀ 18 ਅਕਤੂਬਰ, 2019 ਨੂੰ ਕਾਲਜ ਦੀ ਸਲਾਨਾ ਕਨਵੋਕੇਸ਼ਨ ਕਰਵਾਈ ਗਈ ਅਤੇ 725 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਕਨਵੋਕੇਸ਼ਨ ਦੇ ਮੁੱਖ ਮਹਿਮਾਨ ਯੂ.ਐੱਸ.ਏ. ਪਾਰਕਸਾਇਡ ਦੀ ਯੂਨੀਵਰਸਿਟੀ ਆਫ਼ ਵਿਸਕਾਂਸਿਨ ਦੇ ਚਾਂਸਲਰ ਡਾ. ਡੈਬੋਰਾਹ ਐੱਲ.ਫੋਰਡ ਸਨ ਅਤੇ ਵਿਸ਼ੇਸ਼ ਮਹਿਮਾਨ ਇਸੇ ਹੀ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਅਫੇਅਰਜ਼ ਦੇ ਐਗਜ਼ੀਕਿਉਟਵ ਡਾਇਰੈਕਟਰ ਡਾ. ਅਭੈ ਕੁਰੂਵਿੱਲਾ ਸਨ।

**23.11ਦੀਵਾਲੀ ਦਾ ਤਿਉਹਾਰ:**

ਮਿਤੀ 24 ਅਕਤੂਬਰ, 2019 ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ ਦੁਆਰਾ ਵੱਖ-ਵੱਖ ਢੰਗਾਂ ਨਾਲ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ।

**23.12ਰਾਸ਼ਟਰੀ ਏਕਤਾ ਦਿਵਸ:**

ਮਿਤੀ 31 ਅਕਤੂਬਰ 2019 ਨੂੰ ਐੱਨ.ਐੱਸ.ਐੱਸ. ਵਿਭਾਗ ਅਤੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਵਸ ਨੂੰ ਸਮਰਪਿਤ **ਰਾਸ਼ਟਰੀ ਏਕਤਾ ਦਿਵਸ** ਮਨਾਇਆ ਗਿਆ। ਇਸ ਮੌਕੇ **ਰਨ ਫਾਰ ਯੂਨਿਟੀ ਸਹੁੰ ਚੁੱਕ ਸਮਾਗਮ** ਕਰਵਾਇਆ ਗਿਆ ਅਤੇ **ਸਲੋਗਣ ਲਿਖਣ ਮੁਕਾਬਲੇ** ਕਰਵਾਏ ਗਏ।

**23.13ਬੱਡੀਜ਼ ਡੇ:**

ਮਿਤੀ 14 ਨਵੰਬਰ, 2019 ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਬੱਡੀਜ਼ ਡੇ ਮਨਾਇਆ ਗਿਆ, ਜਿਸ ਦੌਰਾਨ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਅਤੇ ਵਾਇਸ ਪ੍ਰਿੰਸੀਪਲ ਡਾ. ਤਰਲੋਚਨ ਸਿੰਘ ਮਹਾਜਨ ਨੇ ਵਿਦਿਆਰਥੀਆਂ ਨਾਲ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾਂਦੇ ਉਪਰਾਲਿਆਂ ਨੂੰ ਸਾਂਝਿਆਂ ਕੀਤਾ।

**23.14 ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਘਟਾਉਣ ਸਬੰਧੀ ਜਾਗਰੂਕਤਾ ਮੁਹਿੰਮ ਦਾ ਆਗਾਜ਼:**

ਮਿਤੀ 20 ਨਵੰਬਰ, 2019 ਨੂੰ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਵਿਸ਼ਵ ਸਿਹਤ ਸੰਗਠਨ ਦੇ ਉਪਰਾਲੇ ਸਦਕਾ ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਘਟਾਉਣ ਸਬੰਧੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

**23.15 ਸੰਵਿਧਾਨ ਦਿਵਸ**:

ਯੂ.ਜੀ.ਸੀ. ਨਵੀਂ ਦਿੱਲੀ ਤੋਂ ਪ੍ਰਾਪਤ ਹੋਈਆਂ ਹਦਾਇਤਾਂ ਮੁਤਾਬਿਕ ਮਿਤੀ 26 ਨਵੰਬਰ 2019 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ ਰਾਜਨੀਤੀ ਵਿਗਿਆਨ ਵਿਭਾਗ ਦੇ ਸਹਿਯੋਗ ਨਾਲ **ਸੰਵਿਧਾਨ ਦਿਵਸ** ਮਨਾਇਆ ਗਿਆ।

**23.16ਜੈਵਿਕ ਵਿਘਟਨਸ਼ੀਲ ਕੂੜੇ ਦੀ ਪੁਨਰ ਵਰਤੋਂ ਕਰਨ ਸਬੰਧੀ ਸਹੁੰ ਚੁੱਕ ਸਮਾਗਮ:**

ਮਿਤੀ 16 ਜਨਵਰੀ, 2020 ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਸਵੱਛ ਭਾਰਤ ਅਭਿਆਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਵੱਛ ਭਾਰਤ ਅਭਿਆਨ ਸਬੰਧੀ ਸਹੁੰ ਚੁੱਕੀ ਗਈ।ਇਸ ਮੌਕੇ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ ਦੁਆਰਾ ਸਵੱਛਤਾ ਜਾਗਰੂਕਤਾ ਪ੍ਰੋਗਰਾਮ ਦਾ 15 ਦਿਨਾਂ ਲਈ, ਵੱਖ-ਵੱਖ ਗਤੀਵਿਧੀਆਂ ਰਾਹੀਂ, ਆਯੋਜਨ ਕੀਤਾ ਗਿਆ।

**23.17 ਸਵੱਛਤਾ ਪਖਵਾੜਾ:**

ਯੂ.ਜੀ.ਸੀ. ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਮਿਤੀ 31 ਜਨਵਰੀ 2020 ਤੋਂ ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ **ਸਵੱਛਤਾ ਪਖਵਾੜਾ-2020** ਮਨਾਇਆ ਗਿਆ ਜਿਸ ਤਹਿਤ **ਐੱਨ.ਐੱਸ.ਐੱਸ.ਵਿਭਾਗ** ਦੇ ਯਤਨਾਂ ਸਦਕਾ ਮੁਹਿੰਮ ਨੂੰ ਸਮਰਪਿਤ **ਲੈਕਚਰ, ਵਰਕਸ਼ਾਪ, ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ, ਗਰੁੱਪ ਡਿਸਕਸ਼ਨ, ਭਾਸ਼ਣ ਮੁਕਾਬਲੇ, ਕਵੀ ਦਰਬਾਰ, ਬਲੱਡ ਚੈੱਕਅਪ ਕੈਂਪ, ਬੈਸਟ ਆਉਟ ਆਫ ਵੇਸਟ, ਟਾੱਕ ਸ਼ੋਅ** ਅਤੇ **ਸਹੁੰ ਚੁੱਕ ਸਮਾਗਮ** ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ **ਐੱਨ.ਐੱਸ.ਐੱਸ. ਵਿਭਾਗ,ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ, ਖੇਤੀਬਾੜੀ ਵਿਭਾਗ, ਫਾਈਨ ਆਰਟਸ ਵਿਭਾਗ, ਥੀਏਟਰ ਵਿਭਾਗ ਅਤੇ ਨੰਨ੍ਹੀ ਛਾਂ**

**ਸੈੱਲ** ਵੱਲੋਂ ਸਾਂਝੇ ਰੂਪ ਵਿੱਚ ਕੀਤੇ ਗਏ। **ਸਵੱਛਤਾ ਪਖਵਾੜਾ-2020** ਦੀ ਸਮਾਪਤੀ ਮੌਕੇ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡੀ.ਏ.ਵੀ. ਕਾਲਜ ਮੁਜ਼ੱਫਰ ਨਗਰ ਦੇ ਪ੍ਰਿੰਸੀਪਲ **ਡਾ. ਪੀ.ਕੇ. ਗੁਪਤਾ** ਅਤੇ ਗੀਤਾ ਵਿੱਦਿਆ ਮੰਦਿਰ ਗਰਲਜ਼ ਕਾਲਜ ਸੋਨੀਪਤ ਦੇ ਪ੍ਰਿੰਸੀਪਲ **ਡਾ. ਜਯੋਤੀ ਜੁਨੇਨਾ** ਨੇ ਮੁੱਖ ਮਹਿਮਾਨ ਦੇ ਤੌਰ ’ਤੇ ਸ਼ਿਰਕਤ ਕੀਤੀ।

### 23.18 ਰਾਸ਼ਟਰੀ ਧੀ ਦਿਵਸ:

ਮਿਤੀ 24 ਜਨਵਰੀ 2020 ਨੂੰ ਲੜਕੀਆਂ ਭਲਾਈ ਕਮੇਟੀ ਅਤੇ ਨੰਨ੍ਹੀ ਛਾਂ ਸੈੱਲ ਵੱਲੋਂ **ਰਾਸ਼ਟਰੀ ਧੀ ਦਿਵਸ** ਮਨਾਇਆ ਗਿਆ। ਇਸ ਮੌਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ **ਡਾ. ਸੁਰਿੰਦਰ ਕੁਮਾਰ ਦਵੇਸ਼ਵਰ** ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਤੋਂ ਪੰਜਾਬੀ ਵਿਭਾਗ ਦੇ ਮੁਖੀ **ਡਾ. ਸਿਕੰਦਰ ਸਿੰਘ** ਨੇ ਲੜਕੀਆਂ ਦੇ ਹੱਕਾਂ ਪ੍ਰਤੀ ਵਿਚਾਰ ਪ੍ਰਗਟਾਏ।

### 23.19 ਨੈਸ਼ਨਲ ਡੀ-ਵਰਮਿੰਗ ਡੇ:

ਮਿਤੀ 11 ਫ਼ਰਵਰੀ 2020 ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਡਿਸਪੈਂਸਰੀ ਕਮੇਟੀ ਦੇ ਕਨਵੀਨਰ **ਪ੍ਰੋ. ਜਤਿੰਦਰ ਕੌਰ** ਦੇ ਉੱਦਮ ਸਦਕਾ **ਨੈਸ਼ਨਲ ਡੀ-ਵਰਮਿੰਗ ਡੇ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਮੁਹੱਈਆ ਕੀਤੀਆਂ ਗਈਆਂ ਪੇਟ ਸਾਫ਼ ਕਰਨ ਦੀਆਂ ਗੋਲੀਆਂ ਵੰਡੀਆਂ ਗਈਆਂ।

### 23.20 ਸਾਲਾਨਾ ਇਨਾਮ ਵੰਡ ਸਮਾਰੋਹ:

ਮਿਤੀ 14 ਫ਼ਰਵਰੀ 2020 ਨੂੰ ਕਾਲਜ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੌਰਾਨ 153 ਵਿਦਿਆਰਥੀਆਂ ਨੂੰ ਰੋਲ ਆਫ਼ ਆਨਰਜ਼ ਅਤੇ 242 ਵਿਦਿਆਰਥੀਆਂ ਨੂੰ ਕਾਲਜ ਕਲਰ ਪ੍ਰਦਾਨ ਕੀਤਾ ਗਏ।

### 23.21ਵਿਸ਼ਵ ਮਾਤਭਾਸ਼ਾ ਦਿਵਸ:

ਮਿਤੀ 20 ਫ਼ਰਵਰੀ, 2020 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਤੇ ਮਿਊਜ਼ਿਕ ਵਿਭਾਗ ਵੱਲੋਂ ਸਾਂਝੇ ਤੌਰ ’ਤੇ ਅੰਤਰਰਾਸ਼ਟਰੀ ਮਾਤਾਭਾਸ਼ਾ ਦਿਵਸ ਮਨਾਇਆ ਗਿਆ।

**23.22 ਨੈਸ਼ਨਲ ਸਾਇੰਸ ਡੇ:**

ਮਿਤੀ 28 ਫ਼ਰਵਰੀ, 2020 ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ: ਪੋਸਟ ਗ੍ਰੈਜੂਏਟ ਫਿਜ਼ਿਕਸ, ਕਮਿਸਟਰੀ, ਗਣਿਤ, ਬਾਇਓਟੈੱਕ, ਐਗਰੀਕਲਚਰ, ਫੂਡ ਪ੍ਰੋਸੈਸਿੰਗ ਅਤੇ ਸੰਗੀਤ ਵਾਦਨ ਵਿਭਾਗ ਵੱਲੋਂ ਨੈਸ਼ਨਲ ਸਾਇੰਸ ਡੇ ਮਨਾਇਆ ਗਿਆ।

**23.23 ਅੰਤਰਰਾਸ਼ਟਰੀ ਨਾਰੀ ਦਿਵਸ:**

ਮਿਤੀ 6 ਮਾਰਚ 2020 ਨੂੰ ਲੜਕੀਆਂ ਭਲਾਈ ਕਮੇਟੀ ਅਤੇ ਨੰਨ੍ਹੀ ਛਾਂ ਸੈੱਲ ਵੱਲੋਂ **ਅੰਤਰਰਾਸ਼ਟਰੀ ਨਾਰੀ ਦਿਵਸ** ਮਨਾਇਆ ਗਿਆ। ਇਸ ਮੌਕੇ ਖ਼ਾਲਸਾ ਕਾਲਜ ਪਟਿਆਲਾ ਦੇ ਸਾਬਕਾ ਵਾਈਸ ਪ੍ਰਿੰਸੀਪਲ ਅਤੇ ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਪ੍ਰੋ. ਅੰਬਿਕਾ ਨੂੰ **ਨਾਰੀ ਗੌਰਵ ਸਨਮਾਨ** ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਾਇਲਿਡ ਰਾਈਟਸ ਕਮਿਸ਼ਨ ਦੇ ਚੇਅਰ ਪਰਸਨ **ਸ਼੍ਰੀਮਤੀ ਹਰਜਿੰਦਰ ਕੌਰ** ਮੁੱਖ ਮਹਿਮਾਨ ਦੇ ਤੌਰ ’ਤੇ ਪਹੁੰਚੇ।

**23.24 ਅੰਤਰਰਾਸ਼ਟਰੀ ਜੀਵ ਵਿਭਿੰਨਤਾ ਦਿਵਸ:**

ਮਿਤੀ 22 ਮਈ 2020 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ **ਅੰਤਰਰਾਸ਼ਟਰੀ ਜੀਵ ਵਿਭਿੰਨਤਾ** ਦਿਵਸ ਮਨਾਇਆ ਗਿਆ।

**23.25 ਵਿਸ਼ਵ ਸੰਗੀਤ ਦਿਵਸ:**

ਮਿਤੀ 21 ਜੂਨ 2020 ਨੂੰ ਕਾਲਜ ਦੇ ਸੰਗੀਤ ਵਿਭਾਗ (ਗਾਇਨ) ਵੱਲੋਂ **ਵਿਸ਼ਵ ਸੰਗੀਤ ਦਿਵਸ** ਮਨਾਇਆ ਗਿਆ।

**23.26 ਕਾਲਜ ਦੇ ਤਿੰਨ ਰੋਜ਼ਾ ਡਾਇਮੰਗ ਜੁਬਲੀ ਸਮਾਗਮ:**

ਮਿਤੀ 16 ਜੁਲਾਈ ਤੋਂ 18 ਜੁਲਾਈ 2020 ਤੱਕ ਕਾਲਜ ਦੇ ਸਥਾਪਨਾ ਦੇ ਸਫ਼ਲਤਾਪੂਰਵਕ 60 ਸਾਲ ਪੂਰੇ ਹੋਣ ’ਤੇ ਆਨਲਾਈਨ ਡਾਇਮੰਡ ਜੁਬਲੀ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਦੇ ਪਹਿਲੇ ਦਿਨ ਭਾਵ 16 ਜੁਲਾਈ 2020 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਉਪਰੰਤ ਇਲਾਹੀ ਬਾਣੀ ਦੇ ਕੀਰਤਨ ਕੀਤੇ ਗਏ।

ਮਿਤੀ 17 ਜੁਲਾਈ 2020 ''ਭਾਰਤੀ' ਭੂ ਖੰਡ ਦੇ ਬਦਲਦੇ ਪਰਿਪੇਖ'' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਨੇ ਬਤੋਰ ਮੁੱਖ ਮਹਿਮਾਨ ਅਤੇ ਡਾ. ਸੁਰਜੀਤ ਸਿੰਘ ਰੱਖੜਾ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਇਸ ਵੈਬੀਨਾਰ ਦੇ ਮੁੱਖ ਵਕਤਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨ ਡਾ. ਸਰਬਜਿੰਦਰ ਸਿੰਘ ਸਨ।

ਮਿਤੀ 18 ਜੁਲਾਈ 2020 ਨੂੰ ''ਖ਼ਾਲਸਾ ਕਾਲਜ ਪਟਿਆਲਾ ਭੂਮਿਕਾ ਅਤੇ ਸਾਰਥਿਕਤਾ'' ਵਿਸ਼ੇ 'ਤੇ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵੈਬੀਨਾਰ ਦੌਰਾਨ ਸ੍. ਬਲਵਿੰਦਰ ਸਿੰਘ ਭੂੰਦੜ, ਮੈਂਬਰ, ਭਾਰਤ ਸਰਕਾਰ ਪਾਰਲੀਮੈਂਟ ਨੇ ਬਤੌਰ ਮੁੱਖ ਮਹਿਮਾਨ ਅਤੇ ਸ੍. ਰੱਖੜਾ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਇਸ ਵੈਬੀਨਾਰ ਦੇ ਮੁੱਖ ਵਕਤਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨ ਡਾ. ਸਤੀਸ਼ ਕੁਮਾਰ ਵਰਮਾ ਸਨ।

## 24. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੀਆਂ ਪ੍ਰਾਪਤੀਆਂ:

ਵਿਭਾਗ ਦੇ ਮੁਖੀ **ਡਾ. ਗੁਰਸ਼ਰਨ ਸਿੰਘ ਗਿੱਲ** ਦੇ ਸ਼ਲਾਘਾਯੋਗ ਯਤਨਾਂ ਸਦਕਾ ਵਿਭਾਗ ਦੇ ਵਿਦਿਆਰਥੀਆਂ ਨੇ ਨਿਮਨਲਿਖਤ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ:

### 24.1 ਵਿਸ਼ਵ ਪੱਧਰ ਦੀਆਂ ਪ੍ਰਾਪਤੀਆਂ:

ਖੇਡਾਂ ਦੇ ਖੇਤਰ ਵਿਚ ਕਾਲਜ ਦੇ ਹੋਣਹਾਰ ਖਿਡਾਰੀ **ਸੰਗਮਪ੍ਰੀਤ ਸਿੰਘ ਬਿਸਲਾ** ਨੇ **ਯੂਥ ਵਰਲਡ ਆਰਚਰੀ ਚੈਂਪੀਅਨਸ਼ਿਪ ਮੈਡਰਿਡ ਸਪੇਨ** ਵਿਖੇ ਭਾਰਤ ਦੀ **ਪ੍ਰਤੀਨਿਧਤਾ** ਕੀਤੀ ਅਤੇ **ਬਰਾਂਜ਼ ਮੈਡਲ** ਹਾਸਿਲ ਕੀਤਾ। ਇਸ ਹੋਣਹਾਰ ਖਿਡਾਰੀ ਨੇ **ਵਰਲਡ ਕੱਪ ਸਟੇਜ-2** ਅਤੇ **ਵਰਲਡ ਯੂਨੀਵਰਸਿਟੀ ਗੇਮਜ਼ (ਇਟਲੀ)** ਵਿਚ ਭਾਰਤ ਦੀ **ਪ੍ਰਤੀਨਿਧਤਾ** ਕੀਤੀ। ਇਸ ਤੋਂ ਇਲਾਵਾ ਆਰਚਰੀ ਦੇ ਹੋਣਹਾਰ ਖਿਡਾਰੀਆਂ **ਉਤਕਰਸ਼** ਅਤੇ **ਪ੍ਰਭਜੋਤ ਕੌਰ** ਨੇ **ਵੀ ਵਰਲਡ ਯੂਨੀਵਰਸਿਟੀ ਗੇਮਜ਼ (ਇਟਲੀ)** ਵਿਚ **ਭਾਰਤ ਦੀ ਪ੍ਰਤੀਨਿਧਤਾ** ਕੀਤੀ। ਪ੍ਰਭਜੋਤ ਕੌਰ ਨੇ **ਸੀਨੀਅਰ ਨੈਸ਼ਨਲ ਗੇਮਜ਼** ਦੌਰਾਨ **ਗੋਲਡ ਮੈਡਲ** ਪ੍ਰਾਪਤ ਕੀਤਾ।

**24.2 ਆਲ ਇੰਡੀਆ ਇੰਟਰ ਯੂਨੀਵਰਸਿਟੀ:**

**ਖੇਲੋ ਇੰਡੀਆ ਮੁਹਿੰਮ** ਤਹਿਤ ਕਾਲਜ ਦੇ **ਆਰਚਰੀ** ਦੇ ਖਿਡਾਰੀ **ਸੰਗਮਪ੍ਰੀਤ ਸਿੰਘ ਬਿਸਲਾ** ਨੇ **02 ਗੋਲਡ ਮੈਡਲ** ਪ੍ਰਾਪਤ ਕੀਤੇ ਅਤੇ **ਉਤਕਰਸ਼ ਨੇ 01 ਸਿਲਵਰ ਮੈਡਲ** ਪ੍ਰਾਪਤ ਕੀਤਾ।

**ਰਿਤਿਕਾ ਵਰਮਾ** ਨੇ ਆਰਚਰੀ ਵਿੱਚ **01 ਗੋਲਡ ਮੈਡਲ** ਪ੍ਰਾਪਤ ਕੀਤਾ। **ਪ੍ਰੀਤਇੰਦਰ ਕੌਰ** ਨੇ **01 ਗੋਲਡ ਮੈਡਲ** ਅਤੇ **01 ਬਰਾਂਜ ਮੈਡਲ** ਪ੍ਰਾਪਤ ਕੀਤਾ।

ਕਾਲਜ ਦੇ ਹੈਂਡਬਾਲ ਦੇ ਖਿਡਾਰੀ **ਨਵਦੀਪ ਸਿੰਘ, ਮਨਦੀਪ ਸਿੰਘ, ਰੋਹਿਤ ਸਿੰਘ, ਸੁਖਜੀਤ ਸਿੰਘ, ਜੋਬਨਦੀਪ ਸਿੰਘ, ਹਰਮਨ, ਅਭਿਸ਼ੇਕ ਖ਼ੈਰਾ, ਪੁਸ਼ਪਿੰਦਰ ਅਤੇ ਰਵਿੰਦਰਪਾਲ** ਨੇ ਵਾਰਾਨਸੀ (ਯੂ.ਪੀ.) ਵਿਖੇ **ਆਲ ਇੰਡੀਆ ਇੰਟਰਵਰਸਿਟੀ ਹੈਂਡਬਾਲ ਚੈਂਪੀਅਨਸ਼ਿਪ** ਵਿੱਚ **ਬਰਾਂਜ ਮੈਡਲ** ਪ੍ਰਾਪਤ ਕੀਤਾ।

ਸਾਈਕਲਿੰਗ ਦੀ ਖਿਡਾਰਨ **ਜੈਸਮੀਨ ਕੌਰ** ਨੇ **ਓਪਨ ਰੋਡ ਨੈਸ਼ਨਲ ਸਾਈਕਲਿੰਗ ਚੈਂਪੀਅਨਸ਼ਿਪ** ਵਿੱਚ **02 ਬਰਾਂਜ ਮੈਡਲ** ਅਤੇ **ਆਲ ਇੰਡੀਆ ਇੰਟਰਵਰਸਿਟੀ ਸਾਈਕਲਿੰਗ ਚੈਂਪੀਅਨਸ਼ਿਪ** ਵਿੱਚ **01 ਬਰਾਂਜ ਮੈਡਲ** ਪ੍ਰਾਪਤ ਕੀਤਾ।

**24.3 ਨੈਸ਼ਨਲ ਲੈਵਲ:**

ਹੈਂਡਬਾਲ ਦੇ ਖਿਡਾਰੀ **ਹਰਮਨ** ਨੇ ਕਾਨਪੁਰ (ਯੂ.ਪੀ.) ਵਿਖੇ ਹੋਏ **ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਪ੍ਰਾਪਤ ਕੀਤਾ।

**24.4 ਅੰਤਰ ਕਾਲਜ ਮੁਕਾਬਲੇ:**

ਅੰਤਰ ਕਾਲਜ ਮੁਕਾਬਲਿਆਂ ਦੌਰਾਨ **ਆਰਚਰੀ** ਦੀ ਟੀਮ ਨੇ **ਓਵਰਆਲ ਚੈਂਪੀਅਨਸ਼ਿਪ** ਹਾਸਲ ਕੀਤੀ।

ਵਾਲੀਬਾਲ (ਲੜਕੇ) ਦੀ ਟੀਮ ਨੇ **ਇੰਟਰ ਕਾਲਜ ਟੂਰਨਾਮੈਂਟ** ਵਿੱਚ ਜਿੱਤ ਹਾਸਲ ਕੀਤੀ।

ਸਾਈਕਲਿੰਗ (ਲੜਕੀਆਂ) ਦੀ ਟੀਮ ਨੇ **ਓਵਰਆਲ ਚੈਂਪੀਅਨਸ਼ਿਪ** ਹਾਸਲ ਕੀਤੀ।

ਉਪਰੋਕਤ ਤੋਂ ਇਲਾਵਾ ਇਸ ਵਿਭਾਗ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਬੰਗਲਾ ਦੇਸ਼** ਅਤੇ **ਸਥਾਨਕ ਕਾਲਜ** ਦੇ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਵਿਚਕਾਰ **ਦੋਸਤਾਨਾ ਮੈਚ** ਕਰਵਾਇਆ ਗਿਆ।

## 25. ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ:

ਵਿਭਾਗ ਦੇ ਮੁਖੀ **ਡਾ. ਜਸਲੀਨ ਕੌਰ** ਦੀ ਸੁਚੱਜੀ ਦੇਖ-ਰੇਖ ਅਧੀਨ ਵਿਭਾਗ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ।

ਵਿਭਾਗ ਵੱਲੋਂ **05 ਮੁਕਾਬਲੇ** ਕਰਵਾਏ ਗਏ।

ਮਿਤੀ 09 ਸਤੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਸਕਿੱਟ ਮੁਕਾਬਲੇ** ਕਰਵਾਏ ਗਏ।

ਮਿਤੀ 16 ਅਕਤੂਬਰ 2019 ਨੂੰ **ਡਿਵਨਿਟੀ ਕਲੱਬ** ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਕਵਿਤਾ ਉਚਾਰਨ ਮੁਕਾਬਲੇ** ਕਰਵਾਏ ਗਏ।

ਮਿਤੀ 04 ਫਰਵਰੀ 2020 ਨੂੰ **Spring Splash** ਪ੍ਰਤੀਯੋਗਤਾ ਕਰਵਾਈ ਗਈ।

ਮਿਤੀ 05 ਫਰਵਰੀ 2020 ਨੂੰ **Poster Makingਪ੍ਰਤੀਯੋਗਤਾ** ਕਰਵਾਈ ਗਈ ਅਤੇ **Fit India** ਮੁਹਿੰਮ ਨੂੰ ਅੱਗੇ ਵਧਾਇਆ ਗਿਆ।

ਮਿਤੀ 06 ਫਰਵਰੀ 2020 ਨੂੰ **Chess Master** ਪ੍ਰਤੀਯੋਗਤਾ ਕਰਵਾਈ ਗਈ।

ਵਿਭਾਗ ਵੱਲੋਂ **03 Students Induction Programme** ਕਰਵਾਏ ਗਏ।

ਮਿਤੀ 08 ਅਗਸਤ 2019 ਨੂੰ B.Com. I ਦੇ ਵਿਦਿਆਰਥੀਆਂ ਲਈ ਇੱਕ ਰੋਜ਼ਾ **Student Induction Programme**ਆਯੋਜਿਤ ਕੀਤਾ ਗਿਆ।

ਮਿਤੀ 20 ਅਗਸਤ 2019 ਨੂੰ ਐਮ.ਬੀ.ਏ. (ਐਲ.ਡੀ.) ਅਤੇ ਬੀ.ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਇੱਕ ਰੋਜ਼ਾ **Student Induction Programme** ਆਯੋਜਿਤ ਕੀਤਾ ਗਿਆ।

ਮਿਤੀ 11 ਸਤੰਬਰ 2019 ਨੂੰ ਬੀ.ਕਾਮ. ਅਕਾਊਂਟਿਗ ਐਂਡ ਫ਼ਾਇਨਾਂਸ ਅਤੇ ਬੀ.ਕਾਮ. ਆਨਰਜ਼ ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਇੱਕ ਰੋਜ਼ਾ **Student Induction Programme** ਆਯੋਜਿਤ ਕੀਤਾ ਗਿਆ।

**ਵਿਭਾਗ ਵੱਲੋਂ 04 ਵਰਕਸ਼ਾਪ ਲਗਾਈਆਂ ਗਈਆਂ:**

ਮਿਤੀ 06 ਅਪ੍ਰੈਲ 2020 ਨੂੰ ਬੀ.ਕਾਮ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **Adopting Kaizen Life Style**ਵਿਸ਼ੇ ’ਤੇ **ਇਕ ਰੋਜ਼ਾ ਆਨਲਾਈਨ ਵਰਕਸ਼ਾਪ** ਲਗਾਈ ਗਈ।

ਮਿਤੀ 27 ਅਪ੍ਰੈਲ 2020 ਨੂੰ ਐਮ.ਕਾਮ. ਭਾਗ ਦੂਜਾ ਦੇ ਵਿਦਿਆਰਥੀਆਂ ਲਈ **Health is Wealth: Stress Management during Covid-19 Situation** ਵਿਸ਼ੇ ’ਤੇ **ਇੱਕ ਰੋਜ਼ਾ ਆਨਲਾਈਨ ਵਰਕਸ਼ਾਪ** ਲਗਾਈ ਗਈ।

ਮਿਤੀ 07 ਮਈ 2020 ਨੂੰ **Motivation and Morale Building**ਵਿਸ਼ੇ ’ਤੇ **ਇੱਕ ਰੋਜ਼ਾ ਆਨਲਾਈਨਵਰਕਸ਼ਾਪ** ਲਗਾਈ ਗਈ।

ਮਿਤੀ 16 ਜੂਨ 2020 ਨੂੰ ਬੀ.ਕਾਮ. ਭਾਗ ਤੀਜਾ ਦੇ ਵਿਦਿਆਰਥੀਆਂ ਲਈ **Mental Wellbeing Student Life**ਵਿਸ਼ੇ ’ਤੇ **ਇੱਕ ਰੋਜ਼ਾ ਆਨਲਾਈਨਵਰਕਸ਼ਾਪ** ਲਗਾਈ ਗਈ।

ਉਪਰੋਕਤ ਤੋਂ ਇਲਾਵਾ ਵਿਭਾਗ ਅਧੀਨ ਮਿਤੀ 02 ਅਗਸਤ 2019 ਨੂੰ ਡਿਵਨਿਟੀ ਕਲੱਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਭਾਈ ਪੂਰਨ ਸਿੰਘ ਜੀ ਨਾਲ ਸਬੰਧਤ ਫ਼ਿਲਮ **‘ਏਹ ਜਨਮ ਤੁਮਾਹਰੇ ਲੇਖੇ’** ਵਿਖਾਈ ਗਈ। ਇਸੇ ਹੀ ਦਿਨ **Battle of Brains** ਗਤੀਵਿਧੀ ਵੀ ਕਰਵਾਈ ਗਈ।

ਮਿਤੀ 14 ਅਗਸਤ 2019 ਨੂੰ ਡਿਵਨਿਟੀ ਕਲੱਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਆਪਣੇ ਅਵਗੁਣਾਂ ਨੂੰ ਪਹਿਚਾਨਣਾ ਅਤੇ ਛੁਟਕਾਰਾ ਪਾਉਣਾ ਹੀ ਸੱਚੀ ਸੁਤੰਤਰਤਾ ਵਿਸ਼ੇ ’ਤੇ ਗਤੀਵਿਧੀ** ਵੀ ਕਰਵਾਈ ਗਈ।

ਮਿਤੀ06 ਸਤੰਬਰ 2019 ਨੂੰ **ਅਧਿਆਪਕ ਦਿਵਸ** ਦੇ ਸਬੰਧ ਵਿੱਚ ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਮਿਤੀ 13 ਸਤੰਬਰ 2019 ਨੂੰ Financial Inclusion Through Financial Education ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ** ਆਯੋਜਿਤ ਕੀਤਾ ਗਿਆ ਜਿਸ ਦੌਰਾਨ **Mr. Yogendra Singh, Mr. Zubain Mehta** ਅਤੇ**Mr. Nishant Srivastav** ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

ਮਿਤੀ 24 ਅਕਤੂਬਰ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਪਿੰਗਲਵਾੜਾ ਦੇ ਬੱਚਿਆਂ ਨਾਲ **ਦੀਵਾਲੀ ਦਾ ਤਿਉਹਾਰ** ਮਨਾਇਆ।

ਮਿਤੀ 06 ਨਵੰਬਰ 2019 ਨੂੰ ਐਮ.ਬੀ.ਏ. (ਐਲ.ਡੀ.) ਅਤੇ ਐਮ.ਕਾਮ. ਦੇ ਵਿਦਿਆਰਥੀਆਂ ਲਈ **Dr. Retu Lehal, Head School of Applied Management, Punjab University**ਦਾ **Personality Development** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 24 ਦਸੰਬਰ 2019 ਨੂੰ ਸਰਬੱਤ ਦਾ ਭਲਾ ਮੰਗਦਿਆਂ ਅਰਦਾਸ ਫ਼ਾਊਂਡੇਸ਼ਨ ਵੱਲੋਂ **Charity Event**ਕਰਵਾਇਆ ਗਿਆ।

ਮਿਤੀ 07 ਫ਼ਰਵਰੀ 2020 ਨੂੰ ਵਿਭਾਗ ਵੱਲੋਂ **SpringSpree Fest**ਕਰਵਾਇਆ ਗਿਆ।

ਮਿਤੀ 18 ਫਰਵਰੀ 2020 ਨੂੰ ਵਿਭਾਗ ਵੱਲੋਂ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈਂਟਰ ਦੇ ਸਹਿਯੋਗ ਨਾਲ **ਪਲੇਸਮੈਂਟ ਡਰਾਈਵ** ਕਰਵਾਈ ਗਈ ਜਿਸ ਵਿੱਚ **03 ਕੰਪਨੀਆਂ** ਵੱਲੋਂ **26 ਵਿਦਿਆਰਥੀਆਂ** ਦੀ ਚੋਣ ਹੋਈ।

ਮਿਤੀ 08 ਅਪ੍ਰੈਲ 2020 ਨੂੰ ਐਮ.ਕਾਮ. ਦੇ ਵਿਦਿਆਰਥੀਆਂ ਨੂੰ ਆਨਲਾਈਨ ਮਾਧਿਅਮ ਰਾਹੀਂ **Cyber Law**ਵਿਸ਼ੇ ਬਾਰੇ ਜਾਣੂ ਕਰਵਾਇਆ ਗਿਆ।

ਮਿਤੀ 09 ਅਪ੍ਰੈਲ 2020 ਨੂੰ ਆਨਲਾਈਨ ਮਾਧਿਅਮ ਰਾਹੀਂ **Mother's Day**ਮਨਾਇਆ ਗਿਆ।

ਮਿਤੀ 28 ਮਈ 2020 ਨੂੰ ਬੀ.ਕਾਮ. ਭਾਗ ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਲਈ ਆਨਲਾਈਨ ਮਾਧਿਅਮ ਰਾਹੀਂ **Covid-19** ਦੌਰਾਨ ਤਿੰਨ ਰੋਜ਼ਾ **Fitness Programme** ਆਯੋਜਿਤ ਕੀਤਾ ਗਿਆ।

## 26. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਕੰਪਿਊਟਰ ਸਾਇੰਸ ਅਤੇ ਕੰਪਿਊਟੋਨਿਕਸ ਕਲੱਬ:

ਵਿਭਾਗ ਦੇ ਮੁਖੀ **ਪ੍ਰੋ. ਸੁਖਮੀਨ ਕੌਰ** ਦੀ ਯੋਗ ਅਗਵਾਈ ਹੇਠ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਇੰਦਰਬੀਰ ਕੌਰ** ਦੇ ਯਤਨਾਂ ਸਦਕਾ ਸੈਸ਼ਨ ਦੇ ਆਰੰਭ ਵਿੱਚ ਮਿਤੀ 22 ਅਗਸਤ 2019 ਨੂੰ ਨਵੀਂ **ਐਗਜ਼ੈਕਟਿਵ ਕਮੇਟੀ** ਨਿਯੁਕਤ ਕੀਤੀ ਗਈ ਅਤੇ ਨਵੇਂ ਆਏ ਵਿਦਿਆਰਥੀਆਂ ਨੂੰ 'ਜੀ ਆਇਆਂ' ਕਿਹਾ ਗਿਆ।

ਮਿਤੀ 09 ਅਗਸਤ 2019 ਨੂੰ ਅਜ਼ਾਦੀ ਦਿਵਸ ਦੇ ਸਬੰਧ ਵਿੱਚ ਵਿਦਿਆਰਥੀਆਂ ਵੱਲੋਂ **ਪੋਸਟਰ** ਬਣਾਏ ਗਏ।

ਮਿਤੀ 05 ਸਤੰਬਰ 2019 ਨੂੰ **ਅਧਿਆਪਕ ਦਿਵਸ** ਦੇ ਮੌਕੇ 'ਤੇ ਵਿਭਾਗ ਦੇ 25 ਵਿਦਿਆਰਥੀਆਂ ਵੱਲੋਂ **Greeting Cards** ਅਤੇ **Poster**ਬਣਾਏ ਗਏ।

ਮਿਤੀ 24 ਸਤੰਬਰ 2019 ਨੂੰ ਦਿਵਾਲੀ ਦੇ ਤਿਉਹਾਰ ਦੇ ਸਬੰਧ ਵਿੱਚ **Yes to Green Diwali**ਅਤੇ**No to Crackers**ਸਿਰਲੇਖ ਅਧੀਨ ਫਲਾਂ ਅਤੇ ਫੁੱਲਾਂ ਦੇ ਬੂਟੇ ਲਗਾਏ ਗਏ। ਵਿਭਾਗ ਦੇ 15 ਵਿਦਿਆਰਥੀਆਂ ਨੇ **ਰੰਗੋਲੀ ਬਣਾਉਣ ਦੇ ਮੁਕਾਬਲਿਆਂ** ਵਿੱਚ ਹਿੱਸਾ ਲਿਆ।

ਮਿਤੀ 07 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਡਾ. ਤਰਲੋਚਨ ਸਿੰਘ ਮਹਾਜਨ** ਦਾ ਵਿਸ਼ੇਸ਼ **ਲੈਕਚਰ** ਕਰਵਾਇਆ ਗਿਆ।

ਮਿਤੀ 08 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਦਿਆਰਥੀਆਂ ਦੇ **ਲੇਖ ਰਚਨਾ ਮੁਕਾਬਲੇ** ਕਰਵਾਏ ਗਏ।

ਮਿਤੀ  09 ਨਵੰਬਰ 2019 ਨੂੰ ਕਲੱਬ ਵੱਲੋਂ 200 ਵਿਦਿਆਰਥੀਆਂ ਦਾ ਸੁਲਤਾਨਪੁਰ ਲੋਧੀ ਵਿਖੇ **ਇੱਕ ਰੋਜ਼ਾ ਵਿਦਿਅਕ ਟੂਰ** ਲਿਜਾਇਆ ਗਿਆ।

ਮਿਤੀ 07 ਫਰਵਰੀ 2020 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ ਆਯੋਜਿਤ ਕੀਤੇ ਗਏ **SpringSpree-2020** ਵਿੱਚ **Game Playing** ਸਟਾਲ ਲਗਾਈ ਗਈ।

# ਸਾਇੰਸ ਵਿਭਾਗ

## 27. ਬਾਇਓਟੈਕਨਾਲੋਜੀ ਵਿਭਾਗ:

ਮਿਤੀ 13 ਸਤੰਬਰ, 2019 ਨੂੰ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਨੈਸ਼ਨਲ ਐਗਰੀ ਫੂਡ ਬਾਇਓਟੈਕਨਾਲੋਜੀ ਇੰਸਟੀਚਿਊਟ ਮੁਹਾਲੀ ਵਿਖੇ **ਇੱਕ ਰੋਜ਼ਾ ਵਿੱਦਿਅਕ ਦੌਰਾ** ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਬਾਇਓਟੈਕਨਾਲੋਜੀ ਦੀ ਰਿਸਰਚ ਅਤੇ ਇੰਡਸਟਰੀ ਵਿੱਚ ਮਹੱਤਤਾ ਬਾਰੇ ਜਾਣੂ ਕਰਵਾਇਆ।

ਮਿਤੀ 30 ਅਕਤੂਬਰ 2019 ਨੂੰ ਬਾਇਓਟੈਕਨਾਲੋਜੀ ਵਿਭਾਗ ਦੇ ਭਾਗ ਪਹਿਲਾ ਦੇ ਵਿਦਿਆਰਥੀਆਂ ਦਾ ਪਟਿਆਲਾ ਡਿਸਟਿਲਰੀ, ਪਿੰਡ ਮੈਣ, ਜ਼ਿਲ੍ਹਾ ਪਟਿਆਲਾ ਵਿਖੇ **ਇਕ ਰੋਜ਼ਾ ਵਿਦਿਅਕ ਦੌਰਾ** ਕਰਵਾਇਆ ਗਿਆ।

ਮਿਤੀ 07 ਨਵੰਬਰ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਜੇ.ਪੀ.ਯੂਨੀਵਰਸਿਟੀ, ਸੋਲਨ, ਹਿਮਾਚਲ ਪ੍ਰਦੇਸ਼ ਵਿਖੇ ਆਯੋਜਿਤ**ਵਰਕਸ਼ਾਪ** ਵਿੱਚ ਹਿੱਸਾ ਲਿਆਜਿੱਥੇ ਉਨ੍ਹਾਂ ਨੇ **ਸੀਵਰੇਜ਼ ਤੇ ਵਾਟਰ ਟਰੀਟਮੈਂਟ ਅਤੇ ਉਨ੍ਹਾਂ ਤੋਂ ਬਣਨ ਵਾਲੀ ਖ਼ਾਦ ਤੇ ਊਰਜਾ** ਬਾਰੇ ਜਾਣਕਾਰੀ ਹਾਸਲ ਕੀਤੀ।

ਮਿਤੀ 18 ਮਈ 2020 ਨੂੰ ਡਾ. ਮਾਲਿਨੀ ਅਹੂਜਾ, ਸਾਇੰਟਿਸਟ, ਐੱਨ.ਆਈ.ਐੱਚ. ਮੈਰੀਲੈਂਡ ''ਕੈਲਸ਼ੀਅਮ-ਫਰੈਂਡ ਔਰ ਫੋ'' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

## 28. ਫਿਜ਼ਿਕਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਤਰਲੋਚਨ ਸਿੰਘ ਮਹਾਜਨ** ਦੇ ਯਤਨਾਂ ਸਦਕਾ ਮਿਤੀ 12 ਸਤੰਬਰ 2019 ਨੂੰ ਅਧਿਆਪਕ-ਵਿਦਿਆਰਥੀ ਰਿਸ਼ਤਾ ਵਿਸ਼ੇ 'ਤੇ ਬੀ.ਐਸਸੀ. ਅਤੇ ਐਮ.ਐਸਸੀ. ਕਲਾਸਾਂ ਦੇ ਵਿਦਿਆਰਥੀਆਂ ਦੀ **Declaration ਪ੍ਰਤੀਯੋਗਤਾ** ਕਰਵਾਈ ਗਈ।

ਮਿਤੀ 17 ਸਤੰਬਰ 2019 ਨੂੰ ਫ਼ੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ ਵਿਭਾਗ ਵੱਲੋਂ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਬੀ.ਐਸਸੀ. ਭਾਗ ਦੂਜਾ ਨਾਨ-ਮੈਡੀਕਲ ਦੀ ਵਿਦਿਆਰਥਣ **ਖੁਸ਼ਦੀਪ ਕੌਰ** ਨੇ **ਤੀਜਾ ਸਥਾਨ** ਹਾਸਲ ਕੀਤਾ।

ਮਿਤੀ 3 ਅਕਤੂਬਰ 2019 ਨੂੰ ਬੀ.ਐਸਸੀ. ਦੇ ਵਿਦਿਆਰਥੀਆਂ ਨੇ NABI Mohali ਵਿਖੇ ਲੱਗੀ **Exhibition Related to Noble Awards**ਵਿੱਚ ਭਾਗ ਲਿਆ।

ਮਿਤੀ 2 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਵਿੱਚ ਵਿਭਾਗ ਵੱਲੋਂ ਬੀ.ਐਸਸੀ. ਅਤੇ ਐਮ.ਐਸਸੀ. ਦੇ ਵਿਦਿਆਰਥੀਆਂ ਨੂੰ ਸੁਲਤਾਨਪੁਰ ਲੋਧੀ ਲਿਜਾਇਆ ਗਿਆ।

ਮਿਤੀ 19 ਜਨਵਰੀ 2020 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਕਾਲਜ ਵਿਖੇ **National Graduate Physics Examination** ਵਿੱਚ ਭਾਗ ਲਿਆ।

ਮਿਤੀ 15 ਫ਼ਰਵਰੀ 2020 ਨੂੰ **National Workshop on Research Methodology**ਲਗਾਈ ਗਈ।

ਮਿਤੀ 10 ਮਈ 2020 ਨੂੰ ਵਿਭਾਗ ਦੇ ਅਧਿਆਪਕ ਸਾਹਿਬਾਨਾਂ ਵੱਲੋਂ ਆਨਲਾਈਨ ਵਿਧੀ ਰਾਹੀਂ **Moral Boosting Lectures**ਵਿਸ਼ੇ ’ਤੇ ਲੈਕਚਰ ਦਿੱਤਾ ਗਿਆ।

## 29. ਖੇਤੀਬਾੜੀ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਦੇ ਯਤਨਾਂ ਸਦਕਾ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਦੇ **07 ਵਿੱਦਿਅਕ ਦੌਰੇ** ਕਰਵਾਏ ਗਏ।

ਮਿਤੀ 24 ਅਗਸਤ 2019 ਨੂੰ ਬੀ.ਐਸਸੀ. ਆਨਰਜ਼ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਹਾਰਟੀਕਲਚਰ ਡਿਪਾਰਟਮੈਂਟ ਬਾਰਾਂਦਰੀ ਗਾਰਡਨ ਪਟਿਆਲਾ** ਦਾ **ਵਿੱਦਿਅਕ ਦੌਰਾ**, ਮਿਤੀ 13 ਸਤੰਬਰ 2019 ਨੂੰ ਬੀ.ਐਸਸੀ. ਆਨਰਜ਼ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ (ਪਟਿਆਲਾ)** ਵਿਖੇ ਆਯੋਜਿਤ **ਕਿਸਾਨ ਮੇਲੇ** ਦਾ **ਵਿੱਦਿਅਕ ਦੌਰਾ**, ਮਿਤੀ 21 ਸਤੰਬਰ 2019 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਆਯੋਜਿਤ **ਕਿਸਾਨ ਮੇਲੇ** ਦਾ **ਵਿੱਦਿਅਕ ਦੌਰਾ** ਮਿਤੀ 04 ਨਵੰਬਰ 2019 ਨੂੰ ਬੀ.ਐਸਸੀ. ਆਨਰਜ਼ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਸਹਿਕਾਰੀ ਸੁਸਾਇਟੀ ਕਲਿਆਣ** ਦਾ ਵਿੱਦਅਕ ਦੌਰਾ, ਮਿਤੀ 20 ਨਵੰਬਰ 2019 ਨੂੰ ਬੀ.ਐਸਸੀ. ਮੈਡੀਕਲ ਦੇ ਵਿਦਿਆਰਥੀਆ ਦਾ

**ਮੋਹਿੰਦਰਾ ਛੱਤਬੀੜ ਜ਼ੂ, ਐਸ.ਏ.ਐਸ.ਨਗਰ ਮੁਹਾਲੀ** ਦਾ **ਵਿੱਦਿਅਕ ਦੌਰਾ**, ਮਿਤੀ 26 ਨਵੰਬਰ 2019 ਨੂੰ ਬੀ.ਐਸਸੀ. ਐਗਰੀਕਲਚਰ ਅਤੇ ਐਮ.ਐਸਸੀ. ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਮਲੇਰਕੋਟਲਾ ਸੀਡ ਫਾਰਮ** ਦਾ **ਵਿੱਦਿਅਕ ਦੌਰਾ** ਅਤੇ ਮਿਤੀ 13 ਦਸੰਬਰ 2019 ਨੂੰ ਐਮ.ਐਸਸੀ. ਐਗਰੀਕਲਚਰ (ਵੈਜੀਟੇਬਲਜ਼ ਸਾਇੰਸ) ਦੇ ਵਿਦਿਆਰਥੀਆਂ ਦਾ **ਕਰਾਈਸੈਨਥੇਮੰਮ ਸ਼ੋਅ**ਅਤੇ **ਬਾਰਾਂਦਰੀ ਗਾਰਡਨ ਪਟਿਆਲਾ** ਦਾ **ਵਿੱਦਿਅਕ ਦੌਰਾ** ਕਰਵਾਇਆ ਗਿਆ।

## 30. ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ:

ਵਿਭਾਗ ਦੇ ਮੁਖੀ **ਪ੍ਰੋ. ਪਰਮਜੀਤ ਕੌਰ** ਦੀ ਸੁਚੱਜੀ ਦੇਖ-ਰੇਖ ਹੇਠ ਅਤੇ ਪੰਜਾਬੀ ਸਾਹਿਤ ਸਭਾ ਦੇ ਕਨਵੀਨਰ **ਪ੍ਰੋ. ਜਗਰੂਪ ਕੌਰ** ਦੇ ਯਤਨਾਂ ਸਦਕਾ ਮਿਤੀ 04 ਸਤੰਬਰ 2019 ਨੂੰ **ਅੱਜ ਦੀ ਜਵਾਨੀ ਕਿੱਧਰ ਨੂੰ** ਅਤੇ **ਘਟ ਰਹੀਆਂ ਮਨੁੱਖੀ ਕਦਰਾਂ-ਕੀਮਤਾਂ** ਵਿਸ਼ੇ 'ਤੇ **ਭਾਸ਼ਣ ਪ੍ਰਤੀਯੋਗਤਾ** ਕਰਵਾਈ।

ਇਸ ਵਿਭਾਗ ਵੱਲੋਂ ਮਿਤੀ 8 ਅਤੇ 9 ਮਈ, 2019 ਨੂੰ COVID-19 ਮਹਾਂਮਾਰੀ ਤੋਂ ਬਚਣ, ਲਾਕਡਾਊਨ ਦੇ ਸਮੇਂ ਦੌਰਾਨ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਣ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਸਬੰਧੀ, ਵਿਭਾਗ ਦੇ ਅਧਿਆਪਕਾਂ ਦੀ ਵਿਦਿਆਰਥੀਆਂ ਵਾਸਤੇ ਦੋ ਰੋਜ਼ਾ ਵਰਕਸ਼ਾਪ ਲਗਾਈ ਗਈ।

ਮਿਤੀ 22 ਅਕਤੂਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ **ਲੇਖ ਰਚਨਾ, ਕਵਿਤਾ ਲਿਖਣ** ਅਤੇ **ਪੋਸਟ ਬਣਾਉਣ** ਦੇ **ਮੁਕਾਬਲੇ** ਕਰਵਾਏ ਗਏ।

ਮਿਤੀ 27 ਨਵੰਬਰ 2019 ਨੂੰ ਵਿਦਿਆਰਥੀਆਂ ਦਾ ਪੂਰਨ ਬਾਲ ਨਿਕੇਤਨ, ਪਟਿਆਲਾ ਵਿਖੇ **ਦੌਰਾ** ਕਰਵਾਇਆ ਗਿਆ ਜਿੱਥੇ ਉਨ੍ਹਾਂ ਨੇ ਲੋੜਵੰਦਾਂ ਨੂੰ **ਗਰਮ ਕੱਪੜੇ, ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਲੋੜੀਂਦੀ ਸਮੱਗਰੀ** ਵੰਡੀ ਗਈ।

ਮਿਤੀ 20 ਫ਼ਰਵਰੀ 2020 ਨੂੰ **ਸਾਡੀ ਬੋਲੀ ਸਾਡਾ ਮਾਣ** ਵਿਸ਼ੇ ਦੇ ਅੰਤਰਗਤ ਕਾਲਜ ਦੇ ਵਿਦਿਆਰਥੀਆਂ ਦੀ ਲੇਖ ਲਿਖਣ, ਗੀਤ ਗਾਇਨ ਅਤੇ ਸੱਭਿਆਚਾਰਕ **ਕੁਇਜ਼ ਪ੍ਰਤੀਯੋਗਤਾ** ਕਰਵਾਈ ਗਈ।

**31. ਪੋਸਟ ਗ੍ਰੈਜੂਏਟ ਅੰਗ੍ਰੇਜ਼ੀ ਵਿਭਾਗ:**

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਯੋਗ ਰਹਿਨੁਮਾਈ ਅਧੀਨ ਵਿਭਾਗ ਵੱਲੋਂ ਨਵੇਂ ਵਿਦਿਆਰਥੀਆਂ ਲਈ **ਸਟੂਡੈਂਟਸ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਜਿਸ ਦੌਰਾਨ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਸੰਬੋਧਤ ਹੁੰਦੇ ਹੋਏ ਨਵੇਂ ਆਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ **ਡਾ. ਦੀਪਇੰਦਰਜੀਤ ਰੰਧਾਵਾ** ਵੱਲੋਂ ਸਵਾਗਤੀ ਸ਼ਬਦ ਕਹਿੰਦੇ ਹੋਏ ਵਿਭਾਗੀ ਗਤੀਵਿਧੀਆਂ ’ਤੇ ਚਾਨਣਾ ਪਾਇਆ ਗਿਆ।

ਮਿਤੀ 8 ਮਈ 2020 ਨੂੰ ਵਿਭਾਗ ਵੱਲੋਂ ਐਮ.ਏ. ਅੰਗ੍ਰੇਜ਼ੀ, ਬੀ.ਏ. ਆਨਰਜ਼ ਅੰਗ੍ਰੇਜ਼ੀ ਅਤੇ ਫ਼ਰੈਂਚ ਡਿਪਲੋਮਾ ਦੇ ਵਿਦਿਆਰਥੀਆਂ ਲਈ **Motivation and Morale Building** ਵਿਸ਼ੇ ’ਤੇ **ਆਨਲਾਈਨ ਵਰਕਸ਼ਾਪ**ਲਗਾਈ ਗਈ। **ਪ੍ਰੋ. ਜਸਪ੍ਰੀਤ ਕੌਰ** ਨੇ ਵਰਕਸ਼ਾਪ ਦੇ ਵਿਸ਼ੇ ’ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਵੱਲੋਂ ਉਤਸ਼ਾਹ ਪੂਰਵਕ **ਕਵਿਤਾਵਾਂ ਸੁਣਾਈਆਂ ਗਈਆਂ**।

**32. ਹਿੰਦੀ ਵਿਭਾਗ, ਐਡ ਆਨ ਕੋਰਸਟ੍ਰਾਂਸਲੇਸ਼ਨ ਪ੍ਰਾਫ਼ੀਸ਼ੈਂਸੀ:**

ਵਿਭਾਗ ਦੇ ਮੁਖੀ **ਡਾ. ਹਰਵਿੰਦਰ ਕੌਰ** ਦੀ ਸੁਚੱਜੀ ਦੇਖ-ਰੇਖ ਅਧੀਨ ਮਿਤੀ 11 ਸਤੰਬਰ 2019 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਕੀ ਬਾਣੀ ਕੀ ਆਜ ਕੇ ਯੁੱਗ ਮੇਂ ਪ੍ਰਸੰਗਿਗਤਾ** ਵਿਸ਼ੇ ’ਤੇ **ਲੇਖ ਲਿਖਣ ਮੁਕਾਬਲਾ** ਕਰਵਾਇਆ ਗਿਆ।

ਮਿਤੀ 14 ਸਤੰਬਰ 2019 ਨੂੰ ‘ਹਿੰਦੀ ਦਿਵਸ’ ਨੂੰ ਸਮਰਪਿਤ **ਤ੍ਰੈ-ਭਾਸ਼ਾਈ ਕਵੀ ਸੰਮੇਲਨ** ਦਾ ਆਯੋਜਨ ਕੀਤਾ ਗਿਆ।

ਮਿਤੀ 7 ਨਵੰਬਰ 2019 ਨੂੰ ਵਿਭਾਗ ਵੱਲੋਂ **ਕਵਿਤਾ ਉਚਾਰਣ, ਸਲੋਕ ਉਚਾਰਣ ਅਤੇ ਗਜ਼ਲਗਾਇਨ ਪ੍ਰਤੀਯੋਗਤਾ** ਕਰਵਾਈ ਗਈ।

ਮਿਤੀ 27 ਫ਼ਰਵਰੀ 2020 ਨੂੰ **ਡਾ. ਮੁਹੰਮਦ ਅਸ਼ਰਫ਼** ਦਾ **ਮੌਜੂਦਾ ਦੌਰ ਮੇਂ ਉਰਦੂ ਜ਼ੁਬਾਨ ਕੀ ਅਹਿਮੀਅਤ** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 11 ਮਾਰਚ 2020 ਨੂੰ ਵਿਦਿਆਰਥੀਆਂ ਦੀ ਸ੍ਰੀ ਸਨਾਤਨ ਧਰਮ ਕੁਮਾਰ ਸਭਾ ਸ੍ਰੀ ਦਸੌਂਦੀ ਰਾਮ ਵੀਰ ਜੀ ਆਸ਼ਰਮ ਵਿਖੇ **ਵਿਜ਼ਟ** ਕਰਵਾਈ ਗਈ ਜਿੱਥੇ ਉਨ੍ਹਾਂ ਨੇ ਲੋੜਵੰਦਾਂ ਨੂੰ ਦੁਪਹਿਰ ਦਾ ਭੋਜਨ ਕਰਵਾਇਆ।

ਮਿਤੀ 06 ਮਈ 2020 ਨੂੰ ਵਿਭਾਗ ਵੱਲੋਂ **ਸ੍ਰੀ ਗੁਰੂ ਤੇਗ ਬਹਾਦਰ: ਸ਼ਹਾਦਤ ਦੇ ਪੁੰਜ** ਵਿਸ਼ੇ 'ਤੇ ਵਿਦਿਆਰਥੀਆਂ ਦਾ **ਆਨਲਾਈਨ ਲੇਖ ਲਿਖਣ ਮੁਕਾਬਲਾ** ਕਰਵਾਇਆ ਗਿਆ।

**33. ਥੀਏਟਰ ਸਟੱਡੀਜ਼ ਵਿਭਾਗ:**

ਵਿਭਾਗ ਦੇ ਮੁਖੀ **ਡਾ. ਵੰਦਨਾ ਕਪੂਰ** ਦੀ ਯੋਗ ਅਗਵਾਈ ਅਧੀਨ ਮਿਤੀ 26-27 ਦਸੰਬਰ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਦੁਆਰਾ **ਸ਼ਹੀਦੀ ਜੋੜ ਮੇਲ** ਦੌਰਾਨ ਫ਼ਤਹਿਗੜ੍ਹ ਸਾਹਿਬ ਵਿਖੇ **ਸ਼ਹਾਦਤ** ਨਾਟਕ ਦੀ ਪੇਸ਼ਕਾਰੀ ਕੀਤੀ ਗਈ।

ਮਿਤੀ 24 ਜਨਵਰੀ 2020 ਨੂੰ ਕਾਲਜ ਵਿਖੇ ਸਵੱਛਤਾ ਅਧਿਐਨ ਤਹਿਤ ਵਾਹ ਨੀ! ਧਰਤਸੁਹਾਵੀਏ ਵਿਸ਼ੇ 'ਤੇ **ਨੁੱਕੜ ਨਾਟਕ** ਦੀ ਪੇਸ਼ਕਾਰੀ ਕੀਤੀ ਗਈ। ਇਸੇ ਹੀ ਨੁੱਕੜ ਨਾਟਕ ਦੀ ਪੇਸ਼ਕਾਰੀ ਮਿਤੀ 29 ਜਨਵਰੀ 2020 ਨੰ ਖੇਤਬਾੜੀ ਵਿਭਾਗ ਦੇ ਸਹਿਯੋਗ ਨਾਲ ਪਿੰਡ ਧਬਲਾਨ ਵਿਖੇ ਕੀਤੀ ਗਈ ਅਤੇ 4 ਫ਼ਰਵਰੀ 2020 ਨੂੰ ਪਿੰਡ ਜਾਹਲਾਂ, ਰਣਬੀਰਪਰਾ ਅਤੇ ਪਟਿਆਲਾ ਵਿਖੇ ਕੀਤੀ ਗਈ।

ਮਿਤੀ 30 ਜਨਵਰੀ 2020 ਨੂੰ ਵਿਭਾਗ ਦੇ ਵਿਦਿਆਰਥੀ **ਗੁਰਵਿੰਦਰ ਸਿੰਘ** ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪੰਜਾਬ ਯੁਵਕ ਮੇਲੇ ਵਿੱਚ **ਮਿਮਿਕਰੀ** ਦੀ ਪੇਸ਼ਕਾਰੀ ਕੀਤੀ।

ਮਿਤੀ 3 ਫ਼ਰਵਰੀ 2020 ਨੂੰ ਵਿਭਾਗ ਦੇ ਵਿਦਿਆਰਥੀਆਂ ਵੱਲੋਂ **ਕਿੱਸਾ-ਏ-ਪ੍ਰੋਫ਼ੈਸਰ** ਨਾਟਕ ਦੀ ਪੇਸ਼ਕਾਰੀ ਕੀਤੀ ਗਈ ਅਤੇ ਇਹ ਨਾਟਕ ਫੀਲਖ਼ਾਨਾ ਸਕੂਲ ਵਿਖੇ ਵੀ ਪੇਸ਼ ਕੀਤਾ ਗਿਆ।

ਮਿਤੀ 28 ਫ਼ਰਵਰੀ 2020 ਨੂੰ ਵਿਦਿਆਰਥੀਆਂ ਵੱਲੋਂ **ਨੰਨ੍ਹੀ ਛਾਂ ਸੈੱਲ** ਦੇ ਸਹਿਯੋਗ ਨਾਲ **ਦਸਤਕ** ਵਿਸ਼ੇ 'ਤੇ **ਨੁੱਕੜ ਨਾਟਕ** ਦੀ ਪੇਸ਼ਕਾਰੀ ਕੀਤੀ ਗਈ।

## 34. ਫੋਕ ਆਰਟ ਐਂਡ ਕਲਚਰ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਸੰਦੀਪ ਚਹਿਲ** ਦੀ ਯੋਗ ਅਗਵਾਈ ਅਧੀਨ ਵਿਭਾਗ ਵੱਲੋਂ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਦੀ ਪਟਿਆਲਾ ਹੈਰੀਟੇਜ ਫੈਸਟੀਵਲ ’ਤੇ ਹਸਤ ਕਲਾਵਾਂ ਦੇ ਨਮੂਨਿਆਂ ਨੂੰ ਵਿਖਾਉਣ ਵਾਸਤੇ **ਇੱਕ ਰੋਜ਼ਾ ਵਿਜ਼ਟ** ਕਰਵਾਈ ਗਈ ਅਤੇ ਵੱਖ-ਵੱਖ ਪ੍ਰਾਂਤਾਂ ਨਾਲ ਸਬੰਧ ਰੱਖਣ ਵਾਲੇ ਅਜਿਹੇ ਨਮੂਨਿਆਂ ਦੇ ਸਿਰਜਕਾਂ ਦੇ **ਰੂ-ਬ-ਰੂ** ਵੀ ਕਰਵਾਇਆ ਗਿਆ।

ਮਿਤੀ 15 ਨਵੰਬਰ 2019 ਨੂੰ ਵਿਭਾਗ ਵੱਲੋਂ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਮਿਊਜ਼ੀਅਮ ਅਤੇ ਆਰਟ ਗੈਲਰੀ ਵਿਖੇ **ਇੱਕ ਰੋਜ਼ਾ ਵਿੱਦਿਅਕ ਦੌਰਾ** ਕਰਵਾਇਆ ਗਿਆ।

## 35. ਫਾਈਨ ਆਰਟਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਮਨਵੀਰ ਕੌਰ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਮਿਤੀ 20 ਨਵੰਬਰ 2019 ਨੂੰ ਐਂਟੀਬਾਇਓਟਿਕ ਜਾਗਰੂਕਤਾ ਵਿਸ਼ੇ ’ਤੇ **ਪੋਸਟਰ ਮੇਕਿੰਗ ਮੁਕਾਬਲੇ** ਕਰਵਾਏ ਗਏ।

ਮਿਤੀ 04.09.2019 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕਰਵਾਏ **ਪੋਸਟਰ ਮੇਕਿੰਗ** ਅਤੇ **ਸਲੋਗਨ ਲੇਖਣ ਮੁਕਾਬਲੇ** ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਪੁਜ਼ੀਸ਼ਨਾਂ ਹਾਸਲ ਕੀਤੀਆਂ।

ਮਿਤੀ 20.9.2019 ਨੂੰ ਵਿਭਾਗ ਦੇ ਬੀ.ਏ.ਭਾਗ ਪਹਿਲਾ ਦੇ ਵਿਦਿਆਰਥੀ **ਸਿਮਰਜੋਤ ਸਿੰਘ** ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੋਏ **On the Spot Painting ਮੁਕਾਬਲੇ** ਵਿੱਚ **ਵਿਸ਼ੇਸ਼ ਤੌਰ ’ਤੇ ਸਨਮਾਨਿਤ** ਕੀਤਾ ਗਿਆ।

ਮਿਤੀ 22 ਦਸੰਬਰ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (PEDA) ਵੱਲੋਂ ਜ਼ਿਲ੍ਹਾ ਪੱਧਰ ’ਤੇ ਕਰਵਾਏ ਗਏ **Wall Painting** ਮੁਕਾਬਲੇ ਵਿੱਚ ਭਾਗ ਲਿਆ ਅਤੇ **ਪਹਿਲਾ ਸਥਾਨ** ਹਾਸਲ ਕੀਤਾ।

ਮਿਤੀ 25 ਜਨਵਰੀ 2020 ਰਾਸ਼ਟਰੀ ਵੋਟਰ ਦਿਵਸ ਦੇ ਮੌਕੇ ’ਤੇ ਵਿਭਾਗ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਚੋਣ ਅਫਸਰ ਪਟਿਆਲਾ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

## 36. ਪੀ.ਜੀ. ਵਿਭਾਗ ਫ਼ੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ:

ਵਿਭਾਗ ਦੇ ਮੁਖੀ **ਡਾ. ਬਲਬੀਰ ਕੌਰ** ਤੇ ਯਤਨਾਂ ਸਦਕਾ ਮਿਤੀ 28.08.2019 ਨੂੰ ਵਿਭਾਗ ਵਿੱਚ **ਰੰਗੋਲੀ ਕੰਪੀਟੀਸ਼ਨ** ਕਰਵਾਇਆ ਗਿਆ।

ਮਿਤੀ 30.08.2019 ਨੂੰ **"Printing Techniques"**ਵਿਸ਼ੇ ’ਤੇ **ਇੱਕ ਰੋਜ਼ਾ ਵਰਕਸ਼ਾਪ** ਲਗਾਈ ਗਈ।

ਮਿਤੀ 02.09.2019 ਨੂੰ **"Latest Skills in Sewing"**ਵਿਸ਼ੇ ’ਤੇ **ਇੱਕ ਰੋਜ਼ਾ ਵਰਕਸ਼ਾਪ** ਲਗਾਈ ਗਈ।

ਮਿਤੀ 27.01.2020 ਨੂੰ **"Rags to Bags"**ਵਿਸ਼ੇ ’ਤੇ ਵਿਦਿਆਰਥੀਆਂ ਦਾ **ਕੰਪੀਟੀਸ਼ਨ** ਕਰਵਾਇਆ ਗਿਆ।

ਮਿਤੀ 07.02.2020 ਨੂੰ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਸਕੂਲ ਆਫ਼ ਕਾਮਰਸ ਅਤੇ ਮੈਨੇਜਮੈਂਟ ਦੁਆਰਾ ਆਯੋਜਿਤ ਕੀਤੇ ਗਏ "SpringSpree-2020" ਵਿੱਚ **ਇੱਕ ਵਿਸ਼ੇਸ਼ ਸਟਾਲ ਲਗਾਈ** ਗਈ ਜਿਸ ਵਿੱਚ ਹੱਥਾਂ ਨਾਲ ਤਿਆਰ ਕੀਤੀਆਂ ਵਸਤੂਆਂ (ਸ਼ਗਨਾਂ ਦੇ ਐਨਵੈਲਪ, ਪੋਟਲੀਆਂ, ਬੈਗ, **ਟਾਈ ਤੇ ਡਾਈ ਦੇ ਸਕਾਰਫ਼, ਬਲਾਕ ਪ੍ਰਿੰਟਿੰਗ ਦੀਆਂ ਵਸਤੂਆਂ, ਟੇਬਲ ਸੈਟ ਆਦਿ ਪ੍ਰਦਰਸ਼ਿਤ ਕੀਤੀਆਂ ਗਈਆਂ।**

ਮਿਤੀ 11.02.2020 ਨੂੰ ਵਿਦਿਆਰਥੀਆਂ ਦਾ ਪ੍ਰੇਰਨਾ ਡਿਜ਼ਾਇਨਜ਼, ਸੀ-73, ਇੰਡਸਟਰੀਅਲ ਏਰੀਆ, ਫੇਜ਼-6, ਮੋਹਾਲੀ ਵਿਖੇ **ਇੱਕ ਰੋਜ਼ਾ ਵਿੱਦਿਅਕ ਟੂਰ** ਲਿਜਾਇਆ ਗਿਆ।

ਮਿਤੀ 02.03.2020 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ **"Heritage Crafts Mela, Patiala"**ਵਿੱਚ ਪੱਖੀ ਕਢਾਈ, ਛਿੱਕੂ ਤੇ ਕਰੋਸ਼ੀਆ ਆਈਟਮਾਂ ਦੇ **ਕੰਪੀਟੀਸ਼ਨ ਵਿੱਚ ਭਾਗ ਲਿਆ।**

ਮਿਤੀ 5-6 ਮਾਰਚ 2020 ਨੂੰ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਵੱਲੋਂ ਦੋ ਰੋਜ਼ਾ **"Flower Arrangement Show-Buds and Bloom"**ਆਯੋਜਿਤ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਨੇ ਆਪਣੇ ਦੁਆਰਾ "Fresh and Dry Flower Arrangement" ਨੂੰ ਤਿਆਰ ਕਰਕੇ **ਪ੍ਰਦਰਸ਼ਿਤ ਕੀਤਾ।**

## 37. ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਹਰਜੀਤ ਕੌਰ** ਦੇ ਯਤਨਾਂ ਸਦਕਾ ਵਿਭਾਗ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਨੇ ਅਧਿਆਪਕ ਦਿਵਸ ਦੇ ਮੌਕੇ 'ਤੇ **ਵਿਦਿਆਰਥੀਆਂ ਦੀ ਸਖ਼ਸ਼ੀਅਤ ਉਸਾਰੀ ਵਿੱਚ ਅਧਿਆਪਕ ਦਾ ਯੋਗਦਾਨ** ਵਿਸ਼ੇ 'ਤੇ ਵਿਚਾਰ ਪ੍ਰਗਟਾਏ।

ਮਿਤੀ 13 ਸਤੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁਖੀ **ਡਾ. ਦਲਜੀਤ ਸਿੰਘ**ਦਾ**ਸ੍ਰੀ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦਾ ਦਾਰਸ਼ਨਿਕ ਅਧਿਐਨ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 07 ਅਕਤੂਬਰ 2019 ਨੂੰ ਵਿਭਾਗ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਦਾ **ਕੁਇਜ਼ ਮੁਕਾਬਲਾ** ਕਰਵਾਇਆ ਗਿਆ।

ਮਿਤੀ 11 ਮਾਰਚ 2020 ਨੂੰ ਇਸ ਵਿਭਾਗ ਅਤੇ ਹਿੰਦੀ ਵਿਭਾਗ ਵੱਲੋਂ ਸਾਂਝੇ ਰੂਪ ਵਿੱਚ ਵਿਦਿਆਰਥੀਆਂ ਦਾ ਸ੍ਰੀ ਸਨਾਤਮ ਧਰਮ ਕੁਮਾਰ ਸਭਾ ਸ੍ਰੀ ਦਸੌਂਧੀ ਰਾਮਵੀਰ ਜੀ ਆਸ਼ਰਮ ਵਿਖੇ **ਦੌਰਾ ਕਰਵਾਇਆ ਗਿਆ** ਜਿਥੇ ਲੋੜਵੰਦਾਂ ਨੂੰ ਦੁਪਹਿਰ ਦਾ ਭੋਜਨ ਕਰਵਾਇਆ ਗਿਆ।

## 38. ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਦੇ ਯਤਨਾਂ ਸਦਕਾ ਮਿਤੀ 03 ਸਤੰਬਰ 2019 ਨੂੰ ਵਿਭਾਗ ਵੱਲੋਂ ਬੀ.ਏ. ਸੋਸ਼ਲ ਸਾਇੰਸਜ਼ ਦੇ ਵਿਦਿਆਰਥੀਆਂ ਲਈ ਸਾਬਕਾ ਇਨਕਮ ਟੈਕਸ ਕਮਿਸ਼ਨਰ ਸ੍ਰੀ ਬੀ.ਐਸ.ਰਤਨ ਦਾ **ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਿਵੇਂ ਕਰੀਏ** ਵਿਸ਼ੇ 'ਤੇ ਲੈਕਚਰ ਕਰਵਾਇਆ।

ਮਿਤੀ 04 ਸਤੰਬਰ 2019 ਨੂੰ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਸੋਸ਼ਲ ਸਾਇੰਸਜ਼ ਅਤੇ ਮੁਖੀ ਰਾਜਨੀਤੀ ਵਿਗਿਆਨ ਵਿਭਾਗ **ਡਾ. ਜਗਰੂਪ ਕੌਰ** ਦਾ**ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਅਤੇ ਰਾਜਨੀਤਿਕ ਨੈਤਿਕਤਾ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 17-20 ਸਤੰਬਰ 2019 ਨੂੰ ਬੀ.ਏ. ਆਨਰਜ਼ ਸੋਸ਼ਲ ਸਾਇੰਸਿਜ਼ ਭਾਗ ਦੂਜਾ ਦੇ ਵਿਦਿਆਰਥੀ ਬਲਵਿੰਦਰ ਸਿੰਘ ਨੇUnited States Volunters ਦੁਆਰਾ ਆਯੋਜਿਤ ਕੀਤੇ ਗਏ**National Youth Parliament** ਵਿੱਚ ਸ਼ਮੂਲੀਅਤ ਕੀਤੀ।

ਮਿਤੀ 27 ਫ਼ਰਵਰੀ 2020 ਨੂੰ ਵਿਭਾਗ ਦੇ ਐਮ.ਏ. ਦੇ 19 ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **Book Fair ਦੀ ਵਿਜ਼ਟ ਕੀਤੀ**। ਇਸੇ ਹੀ ਦਿਨ ਬੀ.ਏ. ਆਨਰਜ਼ ਸੋਸ਼ਲ ਸਾਇੰਸ ਦੇ 11 ਵਿਦਿਆਰਥੀਆਂ ਨੇ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **ਕਰਾਫ਼ਟ ਮੇਲੇ** ਦਾ ਦੌਰਾ ਕੀਤਾ।

ਮਿਤੀ 11 ਅਪ੍ਰੈਲ 2020 ਨੂੰ ਵਿਭਾਗ ਵੱਲੋਂ ਵਿਦਿਆਰਥੀਆਂ ਦਾ **Effects of Corona on World Politics**ਵਿਸ਼ੇ 'ਤੇ **ਲੇਖ ਲਿਖਣ ਮੁਕਾਬਲਾ ਕਰਵਾਇਆ** ਗਿਆ।

## 39. ਧਰਮ ਅਧਿਐਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਗੁਰਵੀਰ ਸਿੰਘ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਮਿਤੀ 04 ਸਤੰਬਰ 2019 ਨੂੰ ਅਰਬਨ ਅਸਟੇਟ (ਪਟਿਆਲਾ) ਵਿਖੇ **ਰੁੱਖ ਲਗਾਓ ਮੁਹਿੰਮ ਤਹਿਤ ਰੁੱਖ ਲਗਾਏ ਗਏ**।

ਮਿਤੀ 20 ਸਤੰਬਰ 2019 ਨੂੰ ਡਾ. ਮੋਹਿੰਦਰ ਸਿੰਘ ਜੀ ਦਾ **'ਰਬਾਬ ਤੋਂ ਨਗਾਰੇ ਤੱਕ'** ਵਿਸ਼ੇ 'ਤੇ ਵਿਸ਼ੇਸ਼ **ਲੈਕਚਰ ਕਰਵਾਇਆ** ਗਿਆ।

ਮਿਤੀ 25 ਫਰਵਰੀ 2020 ਨੂੰ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ **''ਨੂਰ-ਏ-ਇਲਾਹੀ'' ਫਿਲਮ ਦਿਖਾਈ** ਗਈ।

ਮਿਤੀ 03 ਮਾਰਚ 2020 ਨੂੰ **ਸ. ਸਤਨਾਮ ਸਿੰਘ** ਦਾ **''ਸ੍ਰੀ ਸਹਿਜ ਪਾਠ ਜੀ ਦੀ ਮਹੱਤਤਾ''** ਵਿਸ਼ੇ 'ਤੇ ਲੈਕਚਰ ਕਰਵਇਆ ਗਿਆ।

## 40. ਪੋਸਟ ਗ੍ਰੈਜੂਏਟ ਅਰਥ ਸ਼ਾਸਤਰ ਵਿਭਾਗ:

ਵਿਭਾਗ ਦੇ ਮੁਖੀ **ਡਾ. ਨਿਸ਼ਾਨ ਸਿੰਘ** ਦੇ ਉੱਦਮ ਸਦਕਾ ਮਿਤੀ 05 ਸਤੰਬਰ 2019 ਨੂੰ ਅਧਿਆਪਕ ਦਿਵਸ ਨੂੰ ਸਮਰਪਿਤ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਦੇ ਕਵਿਤਾ ਉਚਾਰਨ, ਭਾਸ਼ਣ ਅਤੇ ਗੀਤਾਂ ਦੇ **ਮੁਕਾਬਲੇ** ਕਰਵਾਏ ਗਏ।

ਮਿਤੀ 16 ਸਤੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਭਾਗ ਦੇ ਅੰਡਰ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਦੀ **ਕੁਇਜ਼ ਪ੍ਰਤੀਯੋਗਤਾ** ਕਰਵਾਈ ਗਈ।

ਮਿਤੀ 16 ਅਕਤੂਬਰ 2019 ਨੂੰ ਵਿਭਾਗ ਦੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ **Rural Urban Migration and Development**ਵਿਸ਼ੇ ’ਤੇ ਆਯੋਜਿਤ ਕੀਤੀ ਗਈ **ਇੱਕ ਰੋਜ਼ਾ ਵਰਕਸ਼ਾਪ** ਵਿੱਚ ਭਾਗ ਲਿਆ।

ਮਿਤੀ 05 ਨਵੰਬਰ 2019 ਨੂੰ ਵਿਭਾਗ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਦਰਮਿਆਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਹਿਲੂਆਂ ਨਾਲ ਸਬੰਧਤ ਵਿਸ਼ਿਆਂ ’ਤੇ **ਕੁਇਜ਼ ਮੁਕਾਬਲਾ** ਕਰਵਾਇਆ ਗਿਆ।

ਮਿਤੀ 07 ਨਵੰਬਰ 2019 ਨੂੰ ਵਿਭਾਗ ਦੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ ਕੀਤੇ ਗਏ ਤਿੰਨ ਰੋਜ਼ਾ ਪੁਸਤਕ ਮੇਲੇ ਵਿੱਚ **ਸ਼ਮੂਲੀਅਤ ਕੀਤੀ।**

ਮਿਤੀ 11 ਨਵੰਬਰ 2019 ਨੂੰ ਵਿਭਾਗ ਵੱਲੋਂ ਬੀ.ਐਸਸੀ. ਐਗਰੀਕਲਚਰ ਭਾਗ ਚੌਥਾ, ਬੀ.ਕਾਮ. ਭਾਗ ਦੂਜਾ ਦੇ ਵਿਦਿਆਰਥੀਆਂ ਨੂੰ ਆਦਰਸ਼ਾਤਮਿਕ ਜੀਵਣ ਜਿਉਣ ਅਤੇ ਚੁਣੌਂਤੀਆਂ ਭਰਪੂਰ ਹਾਲਾਤਾਂ ਦਾ ਸਹਿਜਤਾ ਨਾਲ ਸਾਹਮਣਾ ਕਰਨ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਉੱਘੀ ਫ਼ਿਲਮ ਹਸਤੀ ਗੁਲਜ਼ਾਰ **ਅਖ਼ਤਰ** ਵੱਲੋਂ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁੱਲ ਕਲਾਮ ਦੀ ਸਵੈ-ਜੀਵਨੀ ’ਤੇ ਤਿਆਰ ਕੀਤੀ ਗਈ ਇੱਕ **ਦਸਤਾਵੇਜ਼ ਫਿਲਮ ਦਿਖਾਈ** ਗਈ।

ਮਿਤੀ 7 ਫਰਵਰੀ 2020 ਨੂੰ ਵਿਭਾਗ ਦੇ ਪੋਸਟ ਗ੍ਰੈਜੁਏਟ ਕਲਾਸਾਂ ਦੇ ਵਿਦਿਆਰਥੀਆਂ ਨੇ School of Commerce and Management ਵੱਲੋਂ ਆਯੋਜਿਤ ਕੀਤੇ ਗਏ SpringSpree ਵਿੱਚ ਭਾਗ ਲੈਂਦੇ ਹੋਏ **ਖਾਣ-ਪੀਣ ਦੀਆਂ ਵਸਤਾਂ ਦੀ ਸਟਾਲ** ਲਗਾਈ।

ਮਿਤੀ 2 ਮਈ 2020 ਨੂੰ ਵਿਭਾਗ ਵੱਲੋਂ ਬੀ.ਏ., ਐਮ.ਏ.,ਬੀ.ਐਸਸੀ. ਐਗਰੀਕਲਚਰ ਅਤੇ ਬੀ.ਏ. ਸੋਸ਼ਲ ਸਾਇੰਸ ਦੇ ਵਿਦਿਆਰਥੀਆਂ ਲਈ ਜ਼ੂਮ ਐਪ ਦੇ ਸਾਧਨ ਰਾਹੀਂ **ਖੇਤੀਬਾੜੀ ਜਾਗਰੁਕਤਾ** ਵਿਸ਼ੇ ’ਤੇ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਖੇਤੀਬਾੜੀ ਵਿਗਿਆਨੀ ਡਾ.ਟੀ. ਸ਼ੇਰਗਿੱਲ ਨੇ ਉੱਨਤ ਖੇਤੀਬਾੜੀ ਕਰਨ ਲਈ ਨਵੀਆਂ ਤਕਨੀਕਾਂ ’ਤੇ ਚਾਨਣਾ ਪਾਇਆ।

ਮਿਤੀ 5 ਜੁਲਾਈ 2020 ਨੂੰ ਵਿਭਾਗ ਵੱਲੋਂ **ਕੁੱਛ ਭੀ ਹੋ ਸਕਦਾ ਹੈ** ਵਿਸ਼ੇ ’ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਬਾਲੀਵੁੱਡ ਲੇਖਕ, ਐਕਟਰ, ਡਾਇਰੈਕਟਰ ਅਤੇ ਸਕਰੀਨ ਪਲੇ ਸ੍ਰੀ **ਕਰਨ ਰਾਜਦਾਨ** ਨੇ ਸਫ਼ਲਤਾ ਹਾਸਲ ਕਰਨ ਦੇ ਵੱਖ-ਵੱਖ ਢੰਗਾਂ ’ਤੇ ਚਾਨਣਾ ਪਾਇਆ।

**41. ਪੋਸਟਗ੍ਰੈਜੁਏਟ ਸਾਇਕਾਲੋਜੀ ਵਿਭਾਗ:**

**ਪ੍ਰੋ. ਰਮਨਦੀਪ ਕੌਰ** ਦੇ ਯਤਨਾਂ ਸਦਕਾ ਮਿਤੀ 09 ਮਾਰਚ 2020 ਨੂੰ **ਡਾ. ਨਲਿਨੀ ਮਲਹੋਤਰਾ** ਐਸੋਸੀਏਟ ਪ੍ਰੋਫੈਸਰ ਮਨੋਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਲੈਕਚਰ ਕਰਵਾਇਆ ਗਿਆ।

**42. ਸੰਗੀਤ ਵਾਦਨ ਵਿਭਾਗ:**

ਵਿਭਾਗ ਦੇ ਮੁਖੀ **ਡਾ. ਕੁਲਦੀਪ ਕੁਮਾਰ** ਦੇ ਯਤਨਾਂ ਸਦਕਾ ਮਿਤੀ 27 ਫ਼ਰਵਰੀ 2020 ਨੂੰ ‘ਸਾਇੰਸ ਡੇ’ ਦੇ ਮੌਕੇ ’ਤੇ ਫ਼ਿਜ਼ਿਕਸ ਵਿਭਾਗ ਦੇ **ਮੁਖੀ ਡਾ. ਤਰਲੋਚਨ ਸਿੰਘ ਮਹਾਜਨ** ਦਾ ਸੰਗੀਤ ਤੇ ਵਿਗਿਆਨ ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

**43. ਪੋਸਟ ਗ੍ਰੈਜੁਏਟ ਗਣਿਤ ਵਿਭਾਗ:**

ਵਿਭਾਗ ਦੇ ਮੁਖੀ **ਡਾ. ਗੁਰਮੀਤ ਸਿੰਘ** ਦੀ ਸੁਯੋਗ ਅਗਵਾਈ ਅਧੀਨ ਮਿਤੀ 05 ਸਤੰਬਰ 2019 ਨੂੰ ਵਿਭਾਗ ਵੱਲੋਂ ਗਣਿਤ ਵਿਸ਼ੇ ਦੀ ਰੋਜ਼ਮਰਾ ਵਰਤੋਂ ਵਿਸ਼ੇ ’ਤੇ **ਪੋਸਟਰ ਪ੍ਰੈਜ਼ੈਂਨਟੇਸ਼ਨ ਮੁਕਾਬਲਾ** ਕਰਵਾਇਆ ਗਿਆ।

ਮਿਤੀ 05 ਨਵੰਬਰ 2019 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਸਾਖੀਆਂ** ਵਿਸ਼ੇ 'ਤੇ **ਨਿਬੰਧ ਲੇਖਣ ਪ੍ਰਤੀਯੋਗਤਾ** ਕਰਵਾਈ ਗਈ।

ਮਿਤੀ 07 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਵਿਗਿਆਨਿਕ ਦ੍ਰਿਸ਼ਟੀਕੋਣ ਵਿਸ਼ੇ 'ਤੇ **ਡੈਕਲਾਮੇਸ਼ਲ ਕੰਟੈਸਟ** ਕਰਵਾਇਆ ਗਿਆ।

ਮਿਤੀ 14 ਨਵੰਬਰ 2019 ਨੂੰ ਨੈਸ਼ਨਲ ਬੜੀ ਡੇ ਦੇ ਮੌਕੇ 'ਤੇ ਵਿਦਿਆਰਥੀਆਂ ਨੂੰ **ਧਾਰਮਿਕ ਫਿਲਮ ਦਿਖਾਈ ਗਈ।**

ਮਿਤੀ 10 ਮਈ 2019 ਨੂੰ ਆਨਲਾਈਨ ਮੋਟੀਵੇਸ਼ਨਲ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਦੌਰਾਨ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨੇ **COVID-19 ਮਹਾਂਮਾਰੀ ਤੋਂ ਬਚਣ ਅਤੇ ਲਾਕਡਾਊਨਦੇ ਸਮੇਂ ਵਿੱਚ ਮਾਨਸਿਕ ਸੰਤੁਲਨ ਰੱਖਣ ਸਬੰਧੀਵਿਚਾਰ ਸਾਂਝੇ ਕੀਤੇ**।

**44. ਸਮਾਜ ਵਿਗਿਆਨ ਵਿਭਾਗ:**

ਵਿਭਾਗ ਦੇ ਮੁਖੀ **ਪ੍ਰੋ. ਜਤਿੰਦਰ ਸਿੰਘ ਭੂਟਾਲ** ਦੀ ਦੇਖ-ਰੇਖ ਹੇਠ ਮਿਤੀ 12 ਸਤੰਬਰ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਅਤੇ ਕੇਰਲਾ ਦੇ ਵਿਦਿਆਰਥੀਆਂ ਨੇ ਸਾਂਝੇ ਰੂਪ ਵਿੱਚ **Onam ਦਾ ਤਿਉਹਾਰ**ਮਨਾਇਆ।

ਮਿਤੀ 13 ਸਤੰਬਰ 2019 ਨੂੰ **ਪ੍ਰੋ. ਸਤਨਾਮ ਕੌਰ** ਰਿਟਾਇਰਡ ਮੁਖੀ ਇਤਿਹਾਸ ਵਿਭਾਗ ਦਾ**ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਸਮਾਜਿਕ ਪਹਿਲੂ** ਵਿਸ਼ੇ 'ਤੇ **ਲੈਕਚਰ**ਕਰਵਾਇਆ ਗਿਆ।

ਮਿਤੀ 08 ਨਵੰਬਰ 2019 ਨੂੰ **ਡਾ. ਨਮਰਤਾ ਵਡੇਰਾ** ਸਮਾਜ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ**Role of Socialization in Dailiy Lives from Different Theoratical Perspectives** ਵਿਸ਼ੇ 'ਤੇ **ਲੈਕਚਰ**ਕਰਵਾਇਆ ਗਿਆ।

## 45. ਪੋਸਟ ਗ੍ਰੈਜੂਏਟ ਭੂਗੋਲ ਵਿਭਾਗ:

ਵਿਭਾਗ ਦੇ ਮੁਖੀ **ਡਾ. ਗੋਰਖ ਸਿੰਘ** ਦੀ ਦੇਖ-ਰੇਖ ਅਧੀਨ ਮਿਤੀ 06 ਅਗਸਤ 2019 ਨੂੰ ਬੀ.ਏ. ਭਾਗ ਪਹਿਲਾ, ਬੀ.ਏ. ਭਾਗ ਪਹਿਲਾ (ਆਨਰਜ਼) ਅਤੇ ਐਮ.ਐਸਸੀ. ਭਾਗ ਪਹਿਲਾ ਦੇ ਨਵੇਂ ਆਏ ਵਿਦਿਆਰਥੀਆਂ ਲਈ **ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 16 ਸਤੰਬਰ 2019 ਨੂੰ CRRID Centre Chandigarh ਦੇ ਡਾਇਰੈਕਟਰ ਡਾ**. ਕ੍ਰਿਸ਼ਨ ਚੰਦ** ਦਾ ਓਜ਼ੋਨ ਲੇਅਰ ਵਿਸ਼ੇ 'ਤੇ **ਲੈਕਚਰ ਕਰਵਾਇਆ** ਗਿਆ।

ਮਿਤੀ 09 ਅਕਤੂਬਰ 2019 ਨੂੰ **ਪ੍ਰੋ. ਅਨੂਪ੍ਰੀਤ ਸਿੰਘ ਟਿਵਾਣਾ**, ਮੁਖੀ ਭੂਗੋਲ ਵਿਭਾਗ ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ, ਦਾ**ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭੂਗੋਲ ਵਿਸ਼ੇ ਦੀ ਮਹੱਤਤਾ** ਵਿਸ਼ੇ 'ਤੇ **ਲੈਕਚਰ** ਕਰਵਾਇਆ।

ਮਿਤੀ 24 ਅਕਤੂਬਰ 2019 ਨੂੰ ਵਿਭਾਗ ਵੱਲੋਂ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਲਈ **Geographical Survey**ਕਰਵਾਇਆ ਗਿਆ।

ਮਿਤੀ 06 ਨਵੰਬਰ 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜਿਉਗਰਫ਼ੀ ਵਿਭਾਗ ਦੇ ਸਾਬਕਾ ਮੁਖੀ **ਡਾ. ਕੇ.ਐਸ. ਸੋਹਲ** ਦਾ ਕਾਰਟੋਗਰਾਫ਼ਿਕ ਟੈਕਨੀਕਸ ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ। ਇਨ੍ਹਾਂ ਦਾ ਹੀ ਮਿਤੀ 27 ਜਨਵਰੀ 2020 ਨੂੰ ਦਾ **New Innovations in Agriculture**ਵਿਸ਼ੇ 'ਤੇ **ਗੈਸਟ ਲੈਕਚਰ** ਕਰਵਾਇਆ ਗਿਆ।

ਮਿਤੀ 20 ਫ਼ਰਵਰੀ 2020 ਨੂੰ ਵਿਭਾਗ ਵੱਲੋਂ ਪਟਿਆਲਾ ਜ਼ੋਨ ਦਾ **ਜਿਉਗਰਫ਼ੀਕਲ ਕੁਇਜ਼** ਆਯੋਜਨ ਕੀਤਾ ਗਿਆ ਅਤੇ ਵਿਭਾਗ ਦੇ ਵਿਦਿਆਰਥੀਆਂ ਨੇ **ਪਹਿਲਾ ਸਥਾਨ** ਹਾਸਲ ਕੀਤਾ।

## 46. ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਜਗਜੀਤ ਸਿੰਘ** ਦੀ ਦੇਖ-ਰੇਖ ਅਧੀਨ ਮਿਤੀ 24 ਸਤੰਬਰ 2019 ਨੂੰ **ਸ੍ਰੀਹਰਦਿਆਲ ਬੂਹੀ** ਦਾ **ਵਾਰ, ਕਵਿਸ਼ਰੀ ਅਤੇ ਕਲੀ ਗਾਇਨ** ਵਿਸ਼ੇ 'ਤੇ **ਲੈਕਚਰ ਕਰਵਾਇਆ**ਗਿਆ।

ਮਿਤੀ 19 ਅਕਤੂਬਰ 2019 ਨੂੰ **ਸ੍ਰੀ ਪ੍ਰੀਤ ਰੁਪਾਲ** ਦਾ **ਵਾਰ, ਕਵਿਸ਼ਰੀ ਅਤੇ ਕਲੀ ਗਾਇਨ** ਵਿਸ਼ੇ 'ਤੇ **ਲੈਕਚਰ ਕਰਵਾਇਆ** ਗਿਆ।

ਵਿਭਾਗ ਦੇ ਯਤਨਾਂ ਸਦਕਾ ਇਹ **ਸੀਸ ਝੁਕਾਕਵਾਂ ਮੈਂ** ਗੀਤ **PTC Punjabi Music Awards in the Category of Best Music Video (Non-Traditional) and Best Music Director (Non-Traditional)**ਲਈ **Nominate**ਕੀਤਾ ਗਿਆ।

ਉਪਰੋਕਤ ਤੋਂ ਇਲਾਵਾ ਕਾਲਜ ਵਿਖੇ ਸਥਾਪਿਤ ਭਾਈ ਮਰਦਾਨਾ ਸੰਗੀਤ ਸਟੂਡਿਓ ਵੱਲੋਂ ਮਿਤੀ 12 ਅਗਸਤ 2019 ਨੂੰ **ਕਿਰਤ,** ਮਿਤੀ 12 ਸਤੰਬਰ 2019 ਨੂੰ **ਇਹਸੀਸ ਝੁਕਾਵਾਂ ਮੈਂ**, ਮਿਤੀ 30 ਸਤੰਬਰ 2019 ਨੂੰ **Kanyian,** ਮਿਤੀ 17 ਅਕਤੂਬਰ 2019 ਨੂੰ **ਨਾਨਕ ਵਾਜਾਂ ਮਾਰਦਾ**, ਮਿਤੀ 25 ਅਕਤੂਬਰ 2019 ਨੂੰ **ਨਾਨਕ ਵੀਰਿਆ-ਘੋੜੀ,** ਮਿਤੀ 04 ਨਵੰਬਰ 2019 ਨੂੰ **ਨਾਨਕ ਨਾਮ ਚੜਦੀ ਕਲਾ**, ਮਿਤੀ 05 ਨਵੰਬਰ 2019 ਨੂੰ **ਰੰਗ ਰਤਾ ਮੇਰਾ ਸਾਹਿਬ** ਤੇ **ਸੋ ਕਿਉ ਵਿਸਰਾ ਮੇਰੀ ਮਾਇ,** ਮਿਤੀ 07 ਨਵੰਬਰ 2019 ਨੂੰ **ਸਤਿਗੁਰੂ ਨਾਨਕ ਆਜਾ**, ਮਿਤੀ 09 ਨਵੰਬਰ 2019 ਨੂੰ **ਰੇ ਮਨ ਮੇਰੇ ਭਰਮ ਨਾ ਕੀਜਿਐ,** ਮਿਤੀ 10 ਨਵੰਬਰ 2019 ਨੂੰ **ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ**, ਮਿਤੀ 11 ਨਵੰਬਰ 2019 ਨੂੰ **ਧੰਨ ਨਾਨਕ ਤੇਰੀ ਵੱਡੀ ਕਮਾਈ**, ਮਿਤੀ 12 ਨਵੰਬਰ 2019 ਨੂੰ **ਗੁਰ ਤਾਰ ਤਾਰਨ ਹਾਰਿਆ**, ਮਿਤੀ 17 ਦਸੰਬਰ 2019 ਨੂੰ **ਅਸੀਂ ਹਾਂ ਇੱਥੇ ਆਏ ਸੂਬਿਆ,**ਮਿਤੀ 23 ਦਸੰਬਰ 2019 ਨੂੰ **ਮਾਂ ਗੁਜਰੀ ਦੇ ਲਾਡਲੇ** ਅਤੇ ਮਿਤੀ 4 ਜੂਨ 2020 ਨੂੰ **ਉਡੋ ਨਾ ਕਾਗਾ ਕਾਰੇ** ਟਰੈਕ ਰੀਲਿਜ਼ ਕੀਤੇ ਗਏ।

## ਵੋਕੇਸ਼ਨਲ ਕੋਰਸ

### 47. ਬੀ. ਵਾਕ. ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਵਿਭਾਗ:

ਵਿਭਾਗ ਦੇ ਇੰਚਾਰਜ **ਪ੍ਰੋ. ਰੋਜ਼ੀ ਬਾਂਸਲ** ਦੀ ਦੇਖ-ਰੇਖ ਅਧੀਨ ਮਿਤੀ 07 ਅਗਸਤ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ **ਜਪੁਜੀ ਸਾਹਿਬ** ਦੇ **ਪਾਠ** ਕੀਤੇ ਗਏ।

ਮਿਤੀ 27 ਅਗਸਤ 2019 ਨੂੰ ਰੁੱਖ ਲਗਾਉਣ ਦੀ ਮੁਹਿੰਮ ਤਹਿਤ **ਪ੍ਰਤੀ ਵਿਦਿਆਰਥੀ25 ਬੂਟੇ** ਲਗਾਏ ਗਏ।

ਮਿਤੀ 02 ਸਤੰਬਰ 2019 ਨੂੰ Nutrition Month Celebration 2019 ਮਨਾਉਣ ਤਹਿਤ **ਡਾ. ਰੋਜ਼ੀ ਬਾਂਸਲ** ਨੇ N.S.S. Home Science and Food Processing ਵਿਭਾਗ ਦੇ ਵਿਦਿਆਰਥੀਆਂ ਨੂੰ **Value Added Based**ਵਿਸ਼ੇ ’ਤੇ **ਲੈਕਚਰ** ਦਿੱਤਾ।

ਮਿਤੀ 10 ਸਤੰਬਰ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **ਪ੍ਰੋਸੈਸਿੰਗ ਫੂਡ Vs ਫ਼ਰੈਂਸ਼ ਫੂਡ** ’ਤੇ **ਵਿਚਾਰ ਵਟਾਂਦਰਾ** ਕਰਵਾਇਆ।

ਮਿਤੀ 11 ਸਤੰਬਰ 2019 ਨੂੰ **ਅਮੇਜ਼ਿੰਗ ਫੂਡ ਫੇਕਟਸ** ਵਿਸ਼ੇ ’ਤੇ ਲਗਾਈ ਗਈ **ਵਰਕਸ਼ਾਪ** ਵਿੱਚ ਵਿਦਿਆਰਥੀਆਂ ਦੁਆਰਾ ਵੱਖ-ਵੱਖ ਤਰ੍ਹਾਂ ਦੇ **ਪਕਵਾਨ ਤਿਆਰ** ਕੀਤੇ ਗਏ।

ਮਿਤੀ 19 ਸਤੰਬਰ 2019 ਨੂੰ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪੰਜਾਬੀ ਅਤੇ ਹਿੰਦੀ ਸਾਹਿਤ ਦੀਆਂ ਉੱਘੀਆਂ ਸਖ਼ਸ਼ੀਅਤਾਂ-**ਡਾ. ਪੂਨਮ ਗੁਪਤਾ,ਸ੍ਰੀ ਸੰਜੇ ਦਰਦੀ, ਸ੍ਰੀਮਤੀ ਪਾਇਲ** ਨੇ **ਕਵਿਤਾਵਾਂ ਪੜ੍ਹੀਆਂ**।

ਮਿਤੀ 02 ਅਕਤੂਬਰ 2019 ਨੂੰ Ministry of Skill Development and Entrepreneur Government of India ਦੇ ਦਿਸ਼ਾ-ਨਿਰਦੇਸ਼ ਅਨੁਸਾਰ **Fit India Plogging Run Programme** ਆਯੋਜਿਤ ਕੀਤਾ ਗਿਆ।

ਮਿਤੀ 9-10 ਦਸੰਬਰ 2019 ਨੂੰ Skill Incubation Centre ਅਧੀਨ **ਦੋ ਰੋਜ਼ਾ ਟ੍ਰੇਨਿੰਗ** ਲਗਾਈ ਗਈ। ਇਸ ਟ੍ਰੇਨਿੰਗ ਦੌਰਾਨ ਵਿਦਿਆਰਥੀਆਂ ਨੂੰ ਆਂਵਲੇ ਤੋਂ ਤਿਆਰ ਹੋਣ ਵਾਲੇ ਵੱਖ-ਵੱਖ ਉਤਪਾਦਨਾਂ ਬਾਰੇ ਜਾਣਕਾਰੀ ਦਿੱਤੀ ਗਈ।

ਮਿਤੀ 25 ਫ਼ਰਵਰੀ 2020 ਨੂੰ ਵਿਭਾਗ ਦੇ ਵਿਦਿਆਰਥੀਆਂ ਦੀ ਹੈਰੀਟੇਜ ਫੂਡ ਫੈਸਟੀਵਲ ਅਤੇ ਕਰਾਫ਼ਟ ਮੇਲੇ ਦੀ **ਵਿਜ਼ਟ ਕਰਵਾਈ** ਗਈ।

ਮਿਤੀ 27 ਫ਼ਰਵਰੀ 2020 ਨੂੰ **Food Product and Food Additives**ਵਿਸ਼ੇ ’ਤੇ **ਵਰਕਸ਼ਾਪ ਲਗਾਈ ਗਈ** ਜਿਸ ਦੌਰਾਨ ਵਿਦਿਆਰਥੀਆਂ ਨੂੰ ਭੋਜਨ ਦੀ ਸੁਰੱਖਿਆ ਅਤੇ**ਸੈਲਫ ਲਾਈਫ਼**ਵਧਾਉਣ ਸਬੰਧੀ ਨੁਕਤੇ ਦੱਸੇ ਗਏ।

ਮਿਤੀ 15 ਅਪ੍ਰੈਲ 2020 ਨੂੰ ਕਰੋਨਾ ਕਾਲ ਦੌਰਾਨ ਮਾਨਸਿਕ ਸੰਤੁਲਨ ਵਾਸਤੇ **Yoga**ਅਤੇ **Motivational Session** ਦਾ ਆਯੋਜਨ ਕੀਤਾ ਗਿਆ।

ਮਿਤੀ 22 ਅਪ੍ਰੈਲ 2020 ਨੂੰ ਕਰੋਨਾ ਮਹਾਂਮਾਰੀ ਦਾ ਸਮਾਜਿਕ ਅਤੇ ਆਰਥਿਕ ਪ੍ਰਭਾਵ ਵਿਸ਼ੇ ’ਤੇ ਵਿਦਿਆਰਥੀਆਂ ਦਾ **ਕਵਿਤਾ ਲਿਖਣ** ਅਤੇ **ਕਵਿਤਾ ਉਚਾਰਨ** ਮੁਕਾਬਲਾ ਕਰਵਾਇਆ ਗਿਆ।

ਮਿਤੀ 28 ਅਪ੍ਰੈਲ 2020 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **ਗੁਣਾਂ ਨਾਲ ਭਰਪੂਰ ਭੋਜਨ ਅਤੇ ਉਸ ਦਾ ਕਰੋਨਾ ਮਹਾਂਮਾਰੀ ਦੌਰਾਨ ਪ੍ਰਭਾਵ** ਵਿਸ਼ੇ ’ਤੇ ਆਨਲਾਈਨ ਮਾਧਿਆਮ ਰਾਹੀਂ **ਲੇਖ ਲਿਖਣ ਮੁਕਾਬਲਾ** ਕਰਵਾਇਆ ਗਿਆ।

ਮਿਤੀ 5 ਮਈ 2020 ਨੂੰ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਕਰੋਨਾ ਮਹਾਂਮਾਰੀ ਦੇ ਪ੍ਰਸੰਗ ਵਿੱਚ **United We Stand, Divided We Fall**ਵਿਸ਼ੇ ’ਤੇ **ਵੀਡੀਓਜ਼ ਤਿਆਰ ਕੀਤੀਆਂ ਗਈਆਂ।**

## 48. ਬੀ.ਵਾਕ. ਆਟੋ ਮੋਬਾਇਲ ਐਂਡ ਐਡਵਾਂਸਡ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ:

ਬੀ.ਵਾਕ. ਆਟੋ ਮੋਬਾਇਲ ਦੇ ਇੰਚਾਰਜ **ਪ੍ਰੋ. ਦਵਿੰਦਰ ਸਿੰਘ** ਅਤੇ ਐਡਵਾਂਸਡ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ ਵਿਭਾਗ ਦੇ ਇੰਚਾਰਜ **ਪ੍ਰੋ. ਅਰਸ਼ਪ੍ਰੀਤ ਸਿੰਘ** ਦੇ ਯਤਨਾਂ ਸਦਕਾ ਮਿਤੀ 20 ਅਗਸਤ 2019 ਨੂੰ ਨਵੇਂ ਆਏ ਵਿਦਿਆਰਥੀਆਂ ਲਈ **ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 27 ਅਗਸਤ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਡਾ. ਗੁਰਵੀਰ ਸਿੰਘ** ਦਾ **ਲੈਕਚਰ** ਕਰਵਾਇਆ ਗਿਆ।

ਮਿਤੀ 02 ਸਤੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ **ਬੂਟੇ ਲਗਾਏ** ਗਏ।

ਮਿਤੀ 12 ਫ਼ਰਵਰੀ 2020 ਨੂੰ ਹੀਰਾ ਆਟੋਮੋਬਾਈਲਜ਼ ਪਟਿਆਲਾ ਦੇ ਮੈਨੇਜਰ **ਸ੍ਰੀ ਅਸ਼ੀਸ਼ ਸ਼ਰਮਾ** ਦਾ **Road Safety and Awareness** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 26 ਫ਼ਰਵਰੀ 2020 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਤੋਂ ਮਕੈਨੀਕਲ ਇੰਜਨੀਅਰਿੰਗ ਵਿਭਾਗ ਦੇ ਪ੍ਰੋਫੈਸਰ **ਡਾ. ਪ੍ਰਤਾਪ ਸਿੰਘ ਸਮਰਾ** ਦਾ **Advanced Technology in Automobiles** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 08 ਮਈ 2020 ਨੂੰ ਵਿਭਾਗੀ ਫੈਕਲਟੀ ਦੁਆਰਾ **Motivation and Morale Building** ਵਿਸ਼ੇ 'ਤੇ **ਲੈਕਚਰ** ਦਿੱਤਾ ਗਿਆ।

## 49. ਬੀ.ਵਾਕ. ਸਾਫ਼ਟਵੇਅਰ ਡਿਵੈਲਪਮੈਂਟ:

ਵਿਭਾਗ ਦੇ ਇੰਚਾਰਜ **ਪ੍ਰੋ. ਕੰਵਲਪ੍ਰੀਤ ਸਿੰਘ** ਦੇ ਯਤਨਾਂ ਸਦਕਾ ਮਿਤੀ 22 ਅਗਸਤ 2019 ਨੂੰ ਕੰਪਿਊਟਰ ਸਾਇੰਸ ਵਿਭਾਗ ਦੇ ਸਹਿਯੋਗ ਨਾਲ ਨਵੇਂ ਵਿਦਿਆਰਥੀਆਂ ਲਈ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ।

ਮਿਤੀ 01 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਰੁੱਖ ਲਗਾਓ ਮੁਹਿੰਮ** ਦੇ ਤਹਿਤ ਵਿਦਿਆਰਥੀਆਂ ਨੇ **ਕਾਲਜ ਕੈਂਪਸ ਵਿੱਚ ਪੌਦੇ ਲਗਾਏ ਅਤੇ ਉਨ੍ਹਾਂ ਦੀ ਦੇਖਭਾਲ ਦਾ ਪ੍ਰਣ ਲਿਆ।**

ਮਿਤੀ 30 ਨਵੰਬਰ 2019 ਨੂੰ ਜ਼ੈੱਡ ਸਟਾਰਟ ਸੋਲਿਊਸ਼ਨਜ਼ ਦੇ ਇੰਜੀਨੀਅਰ **ਪਰਮਪ੍ਰੀਤ ਸਿੰਘ** ਦਾ **ਕਲਾਊਡ ਕੰਪਿਊਟਿੰਗ** ਵਿਸ਼ੇ 'ਤੇ **ਗੈਸਟ ਲੈਕਚਰ** ਕਰਵਾਇਆ ਗਿਆ।

ਮਿਤੀ 01 ਜਨਵਰੀ 2020 ਤੋਂ ਵਿਭਾਗ ਦੇ ਛੇ ਵਿਦਿਆਰਥੀਆਂ ਨੇ ਵੱਖ-ਵੱਖ ਕੰਪਨੀਆਂ ਵਿੱਚ **ਛੇ ਮਹੀਨੇ** ਦੀ ਟ੍ਰੇਨਿੰਗ ਲਗਾਈ।

ਮਿਤੀ 27 ਫਰਵਰੀ 2020 ਨੂੰ ਭਾਰਤ ਸਰਕਾਰ ਦੀ ਸੈਕਟਰ ਸਕਿੱਲ ਕੌਂਸਲ ਨੈਸਕੌਮ ਵੱਲੋਂ ਵਿਦਿਆਰਥੀਆਂ ਦੀ ਅਸੈੱਸਮੈਂਟ ਲਈ ਆਨਲਾਈਨ ਪ੍ਰੀਖਿਆ ਲਈ ਗਈ।

# ਸੈੱਲ, ਕਲੱਬ, ਸੈਂਟਰ ਅਤੇ ਐਸੋਸੀਏਸ਼ਨ ਦੀਆਂ ਗਤੀਵਿਧੀਆਂ

## 50 ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ:

ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕਨਵੀਨਰ **ਡਾ. ਜਗਜੀਤ ਸਿੰਘ** ਦੀ ਸੁਚੱਜੀ ਦੇਖ-ਰੇਖ ਅਧੀਨ ਇਸ ਸੁਸਾਇਟੀ ਅਤੇ ਸਰਕਲ ਵੱਲੋਂ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਮਹੀਨੇ **ਸੰਗਰਾਂਦ** ਦਾ ਦਿਹਾੜਾ ਮਨਾਇਆ ਗਿਆ। ਮਿਤੀ 11 ਨਵੰਬਰ 2019 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਕਾਲਜ ਦੇ ਗੁਰਦੁਆਰਾ ਸਾਹਿਬ ਵਿੱਚ **ਦੀਪਮਾਲਾ** ਕੀਤੀ ਗਈ।

## 51 ਇੰਗਲਿਸ਼ ਲਿਟਰੇਰੀ ਸੁਸਾਇਟੀ:

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਯੋਗ ਅਗਵਾਈ ਅਧੀਨ ਮਿਤੀ 4 ਸਤੰਬਰ 2019 ਨੂੰ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਵਿਦਿਆਰਥੀ ਅਹੁੱਦੇਦਾਰਾਂ ਦੀ ਚੋਣ ਕੀਤੀ ਗਈ। ਸੁਸਾਇਟੀ ਦੇ ਕਨਵੀਨਰ **ਡਾ. ਰੂਬਲ ਬਰਾੜ** ਦੇ ਯਤਨਾਂ ਸਦਕਾ ਇਸ ਸੁਸਾਇਟੀ ਦੇ **580** ਦੇ ਕਰੀਬ ਵਿਦਿਆਰਥੀ ਅਹੁੱਦੇਦਾਰਾਂ ਦੀ ਚੋਣ ਕੀਤੀ ਗਈ ਅਤੇ **65** ਬੀਅਰਅਰਜ਼ ਬਣਾਏ ਗਏ। ਇਸੇ ਦਿਨ ਸੁਸਾਇਟੀ ਵੱਲੋਂ Importance of Moral Values in Contemporary Education System ਵਿਸ਼ੇ ’ਤੇ ਆਯੋਜਿਤ ਕੀਤੇ ਗਏ ਸੈਮੀਨਾਰ ਵਿੱਚ **ਪ੍ਰਿੰਸੀਪਲਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ **ਕਿਰਤ ਕਰੋ, ਨਾਮ ਜਪੋ, ਵੰਡ ਛਕੋ** ਦੇ ਸਿਧਾਂਤ ’ਤੇ ਚੱਲਣ ਲਈ ਪ੍ਰੇਰਿਤ ਕੀਤਾ।

ਮਿਤੀ 5 ਨਵੰਬਰ 2019 ਨੂੰ Poetry Recitation and Elocution Competition ਕਰਵਾਇਆ ਗਿਆ। ਇਸ ਪ੍ਰਤੀਯੋਗਤਾ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ **ਕਵਿਤਾਵਾਂ ਦਾ ਉਚਾਰਨ** ਕੀਤਾ ਅਤੇ **ਭਾਸ਼ਣ ਪ੍ਰਤੀਯੋਗਤਾ** ਵਿੱਚ ਵੀ ਹਿੱਸਾ ਲਿਆ।

**52. ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ: ਡਾ. ਸਰਬਜੀਤ ਸਿੰਘ ਆਹਲੂਵਾਲੀਆ** ਦੇ ਯਤਨਾਂ ਸਦਕਾ ਇਸ ਕਲੱਬ ਅਤੇ ਸੁਸਾਇਟੀ ਵੱਲੋਂ ਮਿਤੀ 19 ਸਤੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ

ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ **ਨਾਨਕ ਬਗੀਚੀ ਦੀ ਸਥਾਪਨਾ ਕੀਤੀ ਜਿਸ ਵਿੱਚ 550 ਬੂਟੇ ਲਗਾਏ** ਗਏ।

ਮਿਤੀ 01 ਨਵੰਬਰ 2019 ਨੂੰ ਵਿਜਿਲੈਂਸ ਬਿਊਰੋ ਦੇ ਸਹਿਯੋਗ ਨਾਲ **ਇਮਾਨਦਾਰੀ ਇੱਕ ਜੀਵਨ ਸ਼ੈਲੀ** ਵਿਸ਼ੇ 'ਤੇ ਜ਼ਿਲ੍ਹਾ ਪੱਧਰੀ **ਸੈਮੀਨਾਰ** ਕਰਵਾਇਆ ਗਿਆ।

ਮਿਤੀ 08 ਨਵੰਬਰ 2019 ਨੂੰ ਇਸ ਕਲੱਬ ਅਤੇ ਸੁਸਾਇਟੀ ਦੇ ਯਤਨਾਂ ਸਦਕਾ ਵਿਦਿਆਰਥੀਆਂ ਨੇ ਪਬਲਿਕ ਕਾਲਜ ਸਮਾਣਾ ਵਿਖੇ **'ਸਲੋਗਨ ਲੇਖਣ'** ਮੁਕਾਬਲੇ ਵਿੱਚ ਭਾਗ ਲਿਆ।

ਮਿਤੀ 25 ਫ਼ਰਵਰੀ 2020 ਨੂੰ 'ਧਾਰਾ 370 ਰੱਦ ਕਰਨਾ ਲੋਕਤਾਂਤਰਿਕ ਹੈ' ਵਿਸ਼ੇ 'ਤੇ ਵਿਦਿਆਰਥੀਆਂ ਦਾ **ਵਾਦ-ਵਿਵਾਦ** ਮੁਕਾਬਲਾ ਕਰਵਾਇਆ ਗਿਆ।

## 52 ਗਰੀਵੈਂਸ ਸੈੱਲ:

**ਡਾ. ਜਗਜੀਤ ਸਿੰਘ** ਦੀ ਦੇਖ-ਰੇਖ ਹੇਠ ਚੱਲ ਰਹੇ ਗਰੀਵੈਂਸ ਸੈੱਲ ਦੁਆਰਾ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸੁਣਿਆ ਗਿਆ ਅਤੇ ਪ੍ਰਿੰਸੀਪਲ ਸਾਹਿਬ ਨੂੰ ਇਨ੍ਹਾਂ ਤੋਂ ਜਾਣੂ ਕਰਵਾਇਆ ਗਿਆ। ਪ੍ਰਿੰਸੀਪਲ ਸਾਹਿਬ ਨੇ ਇਨ੍ਹਾਂ ਪਹੁੰਚੀਆਂ ਹੋਈਆਂ ਸ਼ਕਾਇਤਾਂ ਅਤੇ ਸੁਝਾਵਾਂ ਦੇ ਹੱਲ ਸਬੰਧੀ ਲੋੜੀਂਦੀ ਕਾਰਵਾਈ ਕੀਤੀ।

## 53 ਪੀ.ਟੀ.ਏ.ਸੈੱਲ:

ਪੀ.ਟੀ.ਏ. ਸੈੱਲ ਦੇ ਕਨਵੀਨਰ **ਡਾ. ਅੰਜੂ ਖੁੱਲਰ** ਦੀ ਦੇਖ-ਰੇਖ ਹੇਠ ਮਿਤੀ 08 ਨਵੰਬਰ 2019 ਨੂੰ **ਪੇਰੈਂਟਸ-ਟੀਚਰਜ਼ ਐਸੋਸੀਏਸ਼ਨ** ਦੀ **ਮੀਟਿੰਗ** ਕਰਵਾਈ ਗਈ ਜਿਸ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਮਿਡ ਸਮੈਸਟਰ ਇਮਤਿਹਾਨਾਂ ਦੇ ਅੰਕ, ਲੈਕਚਰਾਂ, ਕਲਾਸਾਂ ਵਿੱਚ ਕਾਰਗੁਜ਼ਾਰੀ ਅਤੇ ਵਿਦਿਆਰਥੀਆਂ ਦੀ ਬਹੁ-ਪੱਖੀ ਸਖ਼ਸ਼ੀਅਤ ਉਸਾਰੀ ਵਾਸਤੇ ਕਾਲਜ ਵਿੱਚ ਕਰਵਾਈਆਂ ਜਾਣ ਵਾਲੀਆਂ ਸਹਿ-ਵਿੱਦਿਅਕ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।

ਮਿਤੀ 28 ਫ਼ਰਵਰੀ 2020 ਨੂੰ ਸੈੱਲ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਯੁਵਕ ਭਲਾਈ ਵਿਭਾਗ ਦੇ ਸਾਬਕਾ ਡਾਇਰੈਕਟਰ **ਡਾ. ਸਤੀਸ਼ ਕੁਮਾਰ**

**ਵਰਮਾ** ਦਾ **Healthy Parenting and Indispensable Factors Involved in the Guidance of Youth**ਵਿਸ਼ੇ ’ਤੇ **ਲੈਕਚਰ** ਕਰਵਾਇਆ ਗਿਆ।

**54 ਓਲਡ ਸਟੂਡੈਂਟਸ ਐਸੋਸੀਏਸ਼ਨ (OSA):**

OSA ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੇ ਯਤਨਾਂ ਸਦਕਾ ਮਿਤੀ 23 ਦਸੰਬਰ 2019 ਨੂੰ OSA ਵੱਲੋਂ **ਪ੍ਰੋ. ਗੁਰਪਾਲ ਸਿੰਘ,** ਅਸਿਸਟੈਂਟ ਪ੍ਰੋਫੈਸਰ ਕੰਪਿਊਟਰ ਵਿਭਾਗ, (ਕਾਲਜ ਦੇ ਪੁਰਾਣੇ ਵਿਦਿਆਰਥੀ) ਦਾSafe Usage of Electronic Media ਵਿਸ਼ੇ ’ਤੇ **ਲੈਕਚਰ**ਕਰਵਾਇਆ ਗਿਆ।

ਮਿਤੀ 11 ਸਤੰਬਰ 2019 ਨੂੰ AlmaBay App ’ਤੇ ਸਾਰੀਆਂ ਫਾਈਨਲ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ **ਰਜਿਸਟਰ ਕਰਵਾਇਆ** ਗਿਆ।

ਮਿਤੀ 29 ਜਨਵਰੀ 2020 ਨੂੰ ਕਾਲਜ ਦੇ 1961 ਬੈਚ ਦੇ ਪੁਰਾਣੇ ਵਿਦਿਆਰਥੀ **Dr. A.S. Oberoi,** Former Director, International Labour Organisation, United Nationsਨੇ ਐਮ. ਕਾਮ., ਐਮ.ਐਲ.ਡੀ., ਐਮ.ਏ. ਇਕਨਾਮਿਕਸ, ਸੋਸ਼ਲ ਸਾਇੰਸਜ਼ ਦੇਵਿਦਿਆਰਥੀਆਂ ਨਾਲ**India's Growth Story**ਵਿਸ਼ੇ ’ਤੇ ਆਪਣੇ ਵਿਚਾਰ ਸਾਂਝੇ ਕੀਤੇ।

**55 ਪਬਲੀਕੇਸ਼ਨ ਸੈੱਲ:**

**ਡਾ. ਪੁਸ਼ਪਿੰਦਰ ਕੌਰ**, ਡੀਨ ਪ੍ਰੈੱਸ ਐਂਡ ਪਬਲੀਕਸ਼ਨ ਦੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਪਬਲੀਕੇਸ਼ਨ ਸੈੱਲ ਵੱਲੋਂ ਚਾਰ ਪੁਸਤਕਾਂ: **ਨਾਨਕ ਵਾਹੁ ਵਾਹੁ,ਮੁੱਢਲਾ ਪੰਜਾਬੀ ਗਿਆਨ** (ਭਾਗ ਪਹਿਲਾ, ਸਮੈਸਟਰ ਪਹਿਲਾ), **Sustainable Agriculture Development**ਅਤੇ **ਪੰਜਾਬੀ ਸਾਹਿਤ ਚਿੰਤਨ: ਗਲੋਬਲੀ ਪਰਿਪੇਖ** ਪ੍ਰਕਾਸ਼ਿਤ ਕੀਤੀਆਂ ਗਈਆਂ। ਇਥੇ ਇਹ ਕਾਬਿਲੇ ਤਾਰੀਫ਼ ਹੈ ਕਿ ਕਾਲਜ ਦਾ ਪਬਲੀਕੇਸ਼ਨ ਸੈੱਲ ਹੁਣ ਤੱਕ **26 ਪੁਸਤਕਾਂ** ਪ੍ਰਕਾਸ਼ਿਤ ਕਰ ਚੁੱਕਾ ਹੈ। ਜਿਹਨਾਂ ਵਿੱਚ **12 ਪੁਸਤਕਾਂ ਕਾਨਫ਼ਰੰਸ ਪ੍ਰੋਸੀਡਿੰਗਜ਼ ਦੀਆਂ, 10 ਪਾਠ ਪੁਸਤਕਾਂ, 03 ਸਾਹਿਤਕ** ਅਤੇ **01 ਪੁਸਤਕ ਕਾਲਜ ਦੇ ਇਤਿਹਾਸ ਨਾਲ ਸਬੰਧਤ** ਹੈ।

ਪਬਲੀਕੇਸ਼ਨ ਸੈੱਲ ਵੱਲੋਂ ਮਿਤੀ 25 ਫਰਵਰੀ 2020 ਤੋਂ 28 ਫਰਵਰੀ 2020 ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਲਗਾਏ ਗਏ ਪੁਸਤਕ ਮੇਲੇ ਵਿਚ, ਆਪਣੇ ਦੁਆਰਾ ਪ੍ਰਕਾਸ਼ਿਤ

ਕੀਤੀਆਂ ਗਈਆਂ ਸਾਰੀਆਂ ਪੁਸਤਕਾਂ ਦਾ ਵਿਕਰੀ ਕਾਊਂਟਰ ਲਗਾਇਆ ਗਿਆ ਜਿਸ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਇਸ ਸੈੱਲ ਵੱਲੋਂ ਮਿਤੀ 27 ਫਰਵਰੀ 2020 ਨੂੰ ਅੰਗ੍ਰੇਜ਼ੀ, ਪੰਜਾਬੀ, ਪੋਲੀਟੀਕਲ ਸਾਇੰਸ ਅਤੇ ਇਤਿਹਾਸ ਵਿਭਾਗ ਦੇ 220 ਵਿਦਿਆਰਥੀਆਂ ਦੀ ਉਪਰੋਕਤ ਪੁਸਤਕ ਮੇਲੇ ਵਿਚ ਵਿਜ਼ਿਟ ਕਰਵਾਈ ਗਈ।

## 56 ਲੀਗਲ ਲਿਟਰੇਸੀ ਸੈੱਲ:

ਸੈੱਲ ਦੇ ਕਨਵੀਨਰ **ਪ੍ਰੋ. ਜਤਿੰਦਰ ਸਿੰਘ ਭੂਟਾਲ** ਦੀ ਯੋਗ ਅਗਵਾਈ ਅਧੀਨ ਮਿਤੀ 18 ਫਰਵਰੀ 2020 ਨੂੰ **ਡਾ. ਪੂਨਮਦੀਪ ਸਿੰਘ,** ਪਬਲਿਕ ਐਡਮਿਨਿਸਟ੍ਰੇਸ਼ਨ ਵਿਭਾਗ ਦਾ**Right to Information Act** ਵਿਸ਼ੇ 'ਤੇ **ਲੈਕਚਰ**ਕਰਵਾਇਆ ਗਿਆ।

## 57 ਲੜਕੀਆਂ ਭਲਾਈ ਕਮੇਟੀ ਅਤੇ ਨੰਨ੍ਹੀ ਛਾਂ ਸੈੱਲ:

ਲੜਕੀਆਂ ਭਲਾਈ ਕਮੇਟੀ ਦੇ ਡੀਨ **ਪ੍ਰੋ. ਸੁਖਮੀਨ ਕੌਰ** ਅਤੇ ਨੰਨ੍ਹੀ ਛਾਂ ਸੈੱਲ ਦੇ ਕਨਵੀਨਰ **ਡਾ. ਬਲਬੀਰ ਕੌਰ** ਦੀ ਸੁਯੋਗ ਅਗਵਾਈ ਅਧੀਨ ਇਸ ਕਮੇਟੀ ਅਤੇ ਸੈੱਲ ਵੱਲੋਂ ਮਿਤੀ 17.09.2019 ਨੂੰ ਯੂਨੀਅਨ ਗੌਰਮਿੰਟ ਦੇ ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਪੋਸ਼ਣ ਮਾਹ ਨੂੰ ਮਨਾਉਂਦੇ ਹੋਏ **ਪੋਸਟਰ ਮੇਕਿੰਗਮੁਕਾਬਲੇ**ਕਰਵਾਏ ਗਏ ਅਤੇ ਵਿਦਿਆਰਥੀਆਂ ਦੁਆਰਾ ਬਣਾਏ ਗਏ ਪੋਸਟਰਾਂ ਦੀ **ਪ੍ਰਦਰਸ਼ਨੀ** ਵੀ ਲਗਾਈ ਗਈ।

ਮਿਤੀ 09.11.2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਲਤਾਨਪੁਰ ਲੋਧੀ ਵਿਖੇ **ਇਸਤਰੀ ਸੰਮੇਲਨ ਵਿੱਚ 300 ਲੜਕੀਆਂ** ਤੇ ਕਾਲਜ ਦੇ **ਟੀਚਿੰਗ ਅਤੇ ਨਾਨ-ਟੀਚਿੰਗ ਲੇਡੀਜ਼ ਸਟਾਫ** ਨੇ ਸ਼ਮੂਲੀਅਤ ਕੀਤੀ।

ਮਿਤੀ 26 ਫ਼ਰਵਰੀ 2020 ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਮਾਹਿਰ **ਡਾ. ਰਾਜਾ ਪਰਮਜੀਤ ਸਿੰਘ ਬੈਨੀਪਾਲ** ਦਾ **ਬਰੈਸਟ ਕੈਂਸਰ ਦੇ ਕਾਰਣ,ਲੱਛਣ, ਰੋਕਥਾਮ ਅਤੇ ਉਪਾਅ** ਸਬੰਧੀ ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 04.3.2020 ਨੂੰ Domestic Violence Against Women ਵਿਸ਼ੇ 'ਤੇ ਵਿਦਿਆਰਥੀਆਂ ਨੂੰ **ਨੁੱਕੜ ਨਾਟਕ ਵਿਖਾਇਆ** ਗਿਆ।

ਮਿਤੀ 05.3.220 ਨੂੰ ਪੋਸਟ ਗ੍ਰੈਜੂਏਟ ਕਲਾਸਾਂ ਦੀਆਂ ਤਕਰੀਬਨ **200 ਵਿਦਿਆਰਥਣਾਂ** ਨੂੰ **ਸੇਵਿੰਗ ਫੇਸ** ਵਿਸ਼ੇ 'ਤੇ **ਡਾਕੂਮੈਂਟਰੀ ਫਿਲਮਵਿਖਾਈ** ਗਈ।

## 58 ਲਾਇਬ੍ਰੇਰੀ ਕਮੇਟੀ:

ਲਾਇਬ੍ਰੇਰੀ ਕਮੇਟੀ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੇ ਯਤਨਾਂ ਸਦਕਾ ਸੈਸ਼ਨ 2019-20 ਦੀ ਸ਼ੁਰੂਆਤ ਦੌਰਾਨ ਵੱਖ-ਵੱਖ ਵਿਭਾਗਾਂ ਨਾਲ ਕਰਵਾਏ ਗਏ ਸਟੂਡੈਂਟ ਇੰਡਕਸ਼ਨ ਪ੍ਰੋਗਰਾਮਾਂ ਤਹਿਤ **ਲਾਇਬ੍ਰੇਰੀ ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤੇ ਗਏ ਜਿਸ ਦੌਰਾਨ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਮੌਜੂਦ ਸਹੂਲਤਾਂ, ਲਾਇਬ੍ਰੇਰੀ ਦੇ ਨਿਯਮ, ਉਪਲਬਧ ਪੁਸਤਕਾਂ, ਮੈਗਜ਼ੀਨ, ਅਖਬਾਰਾਂ, ਬੁੱਕਬੈਂਕ, ਇੰਟਰਨੈੱਟ ਸੁਵਿਧਾ ਅਤੇ ਈ-ਰੀਸੋਰਸਿਜ਼ ਬਾਰੇ ਜਾਣਕਾਰੀ ਦਿੱਤੀ।

ਮਿਤੀ 4 ਮਾਰਚ 2020 ਨੂੰ ਇਸ ਕਮੇਟੀ ਦੇ ਸ਼ਲਾਘਾਯੋਗ ਯਤਨਾਂ ਸਦਕਾ ਦਿੱਲੀ ਦੇ **ਸ੍ਰੀ ਅਜੈ ਸਹਾਇ**, ਮੈਨੇਜਰ ਟ੍ਰੇਨਿੰਗ ਨਾਰਥ ਨੇ ਈ-ਰੀਸੋਰਸਿਜ਼ ਬਾਰੇ, ਉਨ੍ਹਾਂ ਨੂੰ ਅਸੈਸ ਕਰਨ ਬਾਰੇ ਅਤੇ ਜੀ-ਗੇਟ ਬਾਰੇ ਅਧਿਆਪਕ ਸਾਹਿਬਾਨ ਨਾਲ ਜਾਣਕਾਰੀ ਸਾਂਝੀ ਕੀਤੀ।

## 59 ਕਿਰਤ ਕਲੱਬ:

ਇਸ ਸੈਸ਼ਨ ਦੌਰਾਨ ਕਾਲਜ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਡਾ. ਦਵਿੰਦਰ ਸਿੰਘ**(ਕਨਵੀਨਰ) ਦੀ ਦੇਖ-ਰੇਖ ਅਧੀਨ ਮਿਤੀ 01 ਅਗਸਤ 2019 ਨੂੰ 550 ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ **ਕਿਰਤ ਕਲੱਬ** ਦੀ ਸਥਾਪਨਾ ਕੀਤੀ ਗਈ। ਇਸ ਕਲੱਬ ਅਤੇ ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਾਂਝੇ ਤੌਰ 'ਤੇ ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ, ਫ਼ਤਹਿਗੜ੍ਹ ਸਾਹਿਬ ਤੋਂ **ਡਾ. ਦਿਲਬਰ ਸਿੰਘ**ਦਾ ਵਿਸ਼ੇਸ਼ **ਲੈਕਚਰ** ਕਰਵਾਇਆ ਗਿਆ।

ਕਿਰਤ ਕਲੱਬ ਵੱਲੋਂ ਮਿਤੀ 11 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਵਿਸ਼ੇਸ਼ ਮੌਕੇ 'ਤੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਅਤੇ **ਡਾ. ਦਵਿੰਦਰ ਸਿੰਘ** ਦੀ ਸਾਂਝੇ ਰੂਪ ਵਿੱਚ ਸੰਪਾਦਿਤ ਪੁਸਤਕ **'ਨਾਨਕ ਵਾਹੁ ਵਾਹੁ'**ਰਿਲੀਜ਼ ਕੀਤੀ ਗਈ।

ਮਿਤੀ 12 ਫ਼ਰਵਰੀ 2020 ਨੂੰ ਕਿਰਤ ਕਲੱਬ ਅਤੇ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈੱਲ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤੇ ਗਏ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਡਾਕੂਮੈਂਟਰੀ ਦਿਖਾਈ ਗਈ।

## 60 ਕੈਮ ਕਲੱਬ:

ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਅਧੀਨ **ਪ੍ਰੋ. ਮੋਨਿਕਾ ਬਾਂਸਲ** ਦੀ ਦੇਖ-ਰੇਖ ਹੇਠ ਚੱਲ ਰਹੇ ਕੈਮ ਕਲੱਬ ਵੱਲੋਂ ਇਸ ਸੈਸ਼ਨ ਦੌਰਾਨ ਮਿਤੀ 09 ਅਗਸਤ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ **Teachings of Sri Guru Nanak Dev Ji for Perserving Our Environment**ਵਿਸ਼ੇ 'ਤੇ **ਪੋਸਟਰ ਬਣਾਉਣ ਦਾ ਮੁਕਾਬਲਾ** ਕਰਵਾਇਆ ਗਿਆ। ਇਸੇ ਹੀ ਦਿਨ ਵਿਦਿਆਰਥੀਆਂ ਦੇ **ਤੀਜ ਦੇ ਤਿਉਹਾਰ** ਨੂੰ ਸਮਰਪਿਤ **ਮਹਿੰਦੀ ਮੁਕਾਬਲੇ** ਕਰਵਾਏ ਗਏ।

ਫ਼ਰਵਰੀ ਮਹੀਨੇ ਦੌਰਾਨ ਇਸ ਵਿਭਾਗ ਵੱਲੋਂ ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਪਟਿਆਲਾ ਦੇ **ਡਾ. ਅਭਿਨਾਸ਼ ਚੰਦਰ** ਦਾ **ਜੜ੍ਹੀ ਬੂਟੀਆਂ ਅਤੇ ਮਸਾਲਿਆਂ ਤੋਂ ਤੇਲ ਕੱਢਣ ਦੀ ਵਿਧੀ** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 06 ਮਾਰਚ 2020 ਨੂੰ **ਬੇਸਿਕਸ ਆਫ਼ ਰਿਓਲੌਜੀ ਐਂਡ ਡਾਇਨਾਮਿਕ ਬਾਈਟ ਸਕੈਟਰਿੰਗ** ਵਿਸ਼ੇ 'ਤੇ **ਇੱਕ ਰੋਜ਼ਾ ਰਾਸ਼ਟਰੀ ਵਰਕਸ਼ਾਪ** ਲਗਾਈ ਗਈ।

## 61 ਬਰੇਵ ਹਾਰਟਸ ਕਲੱਬ:

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਯੋਗ ਅਗਵਾਈ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੇ ਯਤਨਾਂ ਸਦਕਾ ਮਿਤੀ 25 ਅਕਤੂਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ Spreading Happinessਗਤੀਵਿਧੀ ਦਾ

ਆਯੋਜਨ ਕੀਤਾ ਗਿਆ ਜਿਸ ਤਹਿਤ ਵਿਭਾਗ ਦੇ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦੁਆਰਾ ਸਾਂਝੇ ਰੂਪ ਵਿੱਚ ਦਇਆ ਸਾਗਰ ਸਕੂਲ ਪਟਿਆਲਾ ਦਾ ਦੌਰਾ ਕੀਤਾ ਗਿਆ ਅਤੇ ਉੱਥੋਂ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ, ਸਟੇਸ਼ਨਰੀ ਦਾ ਸਮਾਨ, ਟਿਫਨ ਬਾਕਸ ਤੇ ਹੋਰ ਖਾਣ-ਪੀਣ ਦੀ ਸਮੱਗਰੀ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।

ਇਸੇ ਹੀ ਦਿਨ **ਪ੍ਰੋ. ਜਸਪ੍ਰੀਤ ਕੌਰ** ਨੇ ਵਿਦਿਆਰਥੀਆਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ **ਨਾਮ ਜਪੋ, ਕਿਰਤ ਕਰੋ, ਵੰਡ ਛਕੋ** ਦੇ ਫ਼ਲਸਫ਼ੇ ਬਾਰੇ ਵਿਚਾਰ ਵੀ ਸਾਂਝੇ ਕੀਤੇ।

## 62 ਵਿਰਾਸਤ ਸੰਭਾਲ ਕਲੱਬ:

**ਪ੍ਰੋ. ਸੰਦੀਪ ਚਹਿਲ** ਦੀ ਸੁਚੱਜੀ ਦੇਖ-ਰੇਖ ਅਧੀਨ ਮਿਤੀ 14 ਅਗਸਤ 2019 ਨੂੰ ਇਸ ਕਲੱਬ ਵੱਲੋਂ ਕਾਲਜ ਵਿਖੇ **'ਜਿਸ ਘਰ ਧੀਆਂ ਉਸ ਘਰ ਤੀਜ'** ਵਿਸ਼ੇ ਨੂੰ ਸਮਰਪਿਤ ਤੀਜ ਦਾ ਤਿਉਹਾਰ ਮਨਾਇਆ ਗਿਆ।

## 63 ਡਾ. ਗੰਡਾ ਸਿੰਘ ਕਰੀਅਰ ਗਾਇਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈਂਟਰ:

**ਡਾ. ਜਸਲੀਨ ਕੌਰ** ਦੀ ਸੁਯੋਗ ਅਗਵਾਈ ਅਧੀਨ ਚੱਲ ਰਹੇ ਇਸ ਸੈਂਟਰ ਵੱਲੋਂ **09 ਸੈਮੀਨਾਰ** ਕਰਵਾਏ ਗਏ।ਪਹਿਲਾਂ ਸੈਮੀਨਾਰ ਮਿਤੀ 12 ਸਤੰਬਰ 2019 ਨੂੰ ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਲਈ **Stock Exchange in Association with Mahesh Chand Natya Manch** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ**, ਦੂਸਰਾ ਮਿਤੀ 14 ਨਵੰਬਰ 2019 ਨੂੰ ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਲਈ **Career Opportunity in General Insurance Sector in Association with National Insurance Company Ltd. New Delhi**ਦਾ **ਇੱਕ ਰੋਜ਼ਾ ਸੈਮੀਨਾਰ,** ਤੀਸਰਾ ਮਿਤੀ 05 ਫ਼ਰਵਰੀ 2020 ਨੂੰ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ **English Pillars**ਵੱਲੋਂ **Career Opportunity in India and Abroad** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ,** ਚੌਥਾ ਮਿਤੀ 11 ਫ਼ਰਵਰੀ 2020 ਨੂੰ ਬੀ.ਸੀ.ਏ., ਐਮ.ਐਸਸੀ. (ਆਈ.ਟੀ.) ਪੀ.ਜੀ.ਡੀ.ਸੀ.ਏ., ਬੀ. ਵਾਕ. ਕਲਾਸਾਂ ਦੇ ਵਿਦਿਆਰਥੀਆਂ ਲਈ Matrid Technology ਵੱਲੋਂ **Industrial Training and Placement Opportunity**ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ**, ਪੰਜਵਾਂ ਮਿਤੀ 18 ਫ਼ਰਵਰੀ 2020 ਨੂੰ ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ

ਕਲਾਸਾਂ ਦੇ ਵਿਦਿਆਰਥੀਆਂ ਲਈ **Mr. Shubam Aggarwal,** Political Analyse, New Delhiਵੱਲੋਂ **Career Opportunity in Civil Services**ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ**, ਛੇਵਾਂ ਮਿਤੀ 25 ਫ਼ਰਵਰੀ 2020 ਨੂੰ ਐਮ.ਬੀ.ਏ. (ਐਲ.ਡੀ.) ਅਤੇ ਐਮ.ਕਾਮ. ਕਲਾਸਾਂ ਦੇ ਵਿਦਿਆਰਥੀਆਂ ਲਈ Utkarsh Bank ਵੱਲੋਂ **Placement Opportunity in Banking Section**ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ, ਸੱਤਵਾਂ ਮਿਤੀ 23 ਅਪ੍ਰੈਲ 2020 ਨੂੰ ਐਮ.ਬੀ.ਏ. (ਐਲ.ਡੀ.) ਕਲਾਸਾਂ ਦੇ ਵਿਦਿਆਰਥੀਆਂ ਲਈ **ਪ੍ਰੋ. ਵਰਲੀਨ ਕੌਰ** ਦਾ **Counseling on Mental Health in Covid-19 in Lockdown** ਵਿਸ਼ੇ 'ਤੇ **ਇੱਕ ਰੋਜ਼ਾ ਆਨਲਾਈਨ ਸੈਮੀਨਾਰ**, ਅੱਠਵਾਂ ਮਿਤੀ 11 ਮਈ 2020 ਨੂੰ ਅੰਡਰ ਗ੍ਰੈਜੂਏਟ ਭਾਗ ਤੀਜਾ ਦੇ ਵਿਦਿਆਰਥੀਆਂ ਲਈ **Mrs. Simpy Singla**, Deputy Placement Officer DBE Patiala ਦੇ **Career Opportunity in Private and Government Section**ਵਿਸ਼ੇ 'ਤੇ **ਇੱਕ ਰੋਜ਼ਾ ਆਨਲਾਈਨ ਸੈਮੀਨਾਰ** ਅਤੇ ਨੌਵਾਂ ਮਿਤੀ 01 ਜੂਨ 2020 ਨੂੰ **Ms.Aknksha Soni,** Assistant Professor Mata Gujri College Fatehgarh Sahib ਅਤੇ **Ms. Roopsi Pahuja,** DBE ਦੇ **Career Opportunity in Education Sector and Importance of Qulifying UGC, NET Exam** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ** ਦਾ ਆਯੋਜਨ ਕੀਤਾ ਗਿਆ।

ਇਸ ਸੈਂਟਰ ਵੱਲੋਂ **06 ਪਲੇਸਮੈਂਟ ਡਰਾਈਵ** ਕਰਵਾਈਆਂ ਗਈਆਂ।ਪਹਿਲੀ 07 ਨਵੰਬਰ 2019 ਨੂੰ **DialaBank**ਵੱਲੋਂ **Placement Drive**, ਦੂਜੀ 19 ਦਸੰਬਰ 2019 ਨੂੰ **Investors Clinic**ਵੱਲੋਂ **Placement Drive,** ਤੀਸਰੀ ਮਿਤੀ 04 ਫ਼ਰਵਰੀ 2020 ਨੂੰ **HDFC Life Insurance** ਵੱਲੋਂ **Placement Drive,**ਚੌਥੀ ਮਿਤੀ 04.05 ਫ਼ਰਵਰੀ 2020 ਨੂੰ ਚਿਤਕਾਰਾ ਯੂਨੀਵਰਸਿਟੀ ਵਿਖੇ**Infosys** ਵੱਲੋਂ **Placement Drive,**ਪੰਜਵੀਂ ਮਿਤੀ 13 ਫ਼ਰਵਰੀ 2020 ਨੂੰ **RIRCM** ਵੱਲੋਂ **Placement Drive** ਅਤੇ ਛੇਵੀਂ ਮਿਤੀ 24 ਫ਼ਰਵਰੀ 2020 ਨੂੰ **ICICI Prudential** ਵੱਲੋਂ **Placement Drive**ਕਰਵਾਈ ਗਈ।

ਇਸ ਸੈਂਟਰ ਵੱਲੋਂ **03 FDP** ਲਗਾਈਆਂ ਗਈਆਂ।ਪਹਿਲੀ ਮਿਤੀ 16-24 ਸਤੰਬਰ 2019 ਨੂੰ **Anchoring and Stage Management** ਵਿਸ਼ੇ 'ਤੇ **ਸੱਤ ਰੋਜ਼ਾ ਐਫ.ਡੀ.ਪੀ.**, ਦੂਜੀ ਮਿਤੀ 22

ਜੂਨ 2020 ਨੂੰ **E-Content Development** ਵਿਸ਼ੇ 'ਤੇ **ਸੱਤ ਰੋਜ਼ਾ ਐਫ.ਡੀ.ਪੀ.** ਅਤੇ ਤੀਸਰੀ ਮਿਤੀ 29 ਜੂਨ ਤੋਂ 08 ਜੁਲਾਈ 2020 ਨੂੰ **Computer Learning**ਵਿਸ਼ੇ 'ਤੇ **ਸੱਤ ਰੋਜ਼ਾਐਫ.ਡੀ.ਪੀ.** ਲਗਾਈ ਗਈ।

ਇਸ ਸੈਂਟਰ ਵੱਲੋਂ **02 ਵਿਜ਼ਿਟ** ਕਰਵਾਈਆਂ ਗਈਆਂ:ਪਹਿਲੀ ਮਿਤੀ 11 ਫ਼ਰਵਰੀ 2020 ਨੂੰ ਬੀ.ਐਸਸੀ. (ਨਾਨ-ਮੈਡੀਕਲ), ਬਾਇਓਟੈਕ ਅਤੇ ਬੀ.ਐਸਸੀ.(ਸੀ.ਐਸ.ਐਮ) ਭਾਗ ਤੀਜਾ ਦੇ ਵਿਦਿਆਰਥੀਆਂ ਦੀ District Bureau of Employment Office ਦੀ **ਵਿਜ਼ਿਟ ਕਰਵਾਈ**। ਦੂਜੀ ਮਿਤੀ 18 ਫ਼ਰਵਰੀ 2020 ਨੂੰ ਐਮ.ਕਾਮ. ਭਾਗ ਦੂਜਾ ਦੇ ਵਿਦਿਆਰਥੀਆਂ ਦੀ District Bureau of Employment Office ਦੀ **ਵਿਜ਼ਟ ਕਰਵਾਈ**।

ਉਪਰੋਕਤ ਤੋਂ ਇਲਾਵਾ ਇਸ ਸੈਂਟਰ ਦੇ ਯਤਨਾਂ ਵਜੋਂ ਮਿਤੀ 31 ਅਕਤੂਬਰ 2019 ਨੂੰ ਐਮ.ਬੀ.ਏ. (ਐਲ.ਡੀ.) ਅਤੇ ਐਮ.ਕਾਮ. ਦੇ ਵਿਦਿਆਰਥੀਆਂ ਨੂੰ ਆਨਲਾਈਨ ਮਾਧਿਅਮ ਰਾਹੀਂ **British Council**ਵੱਲੋਂ**Career Opportunity**ਬਾਰੇ ਜਾਣੂ ਕਰਵਾਇਆ ਗਿਆ। ਮਿਤੀ 24 ਜਨਵਰੀ 2020 ਨੂੰ **Non-Teaching Development Programme** ਲਗਾਇਆ ਗਿਆ। ਮਿਤੀ 16 ਅਪ੍ਰੈਲ 2020 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਅਤੇ ਗਣਿਤ ਵਿਭਾਗ ਦੇ ਅਧਿਆਪਕ ਸਾਹਿਬਾਨਾਂ ਲਈ Chartered Accountant Mohali ਤੋਂ **Mr. Mayank Sharma**ਵੱਲੋਂ **Financial Awareness Programme to Utilize Free Time in Todays Covid-19 Situation**ਵਿਸ਼ੇ 'ਤੇ ਵਰਕਸ਼ਾਪ ਲਗਾਈ ਗਈ।

## 64 ਡਿਸਪੈਂਸਰੀ ਕਮੇਟੀ:

ਕਮੇਟੀ ਦੇ ਕਨਵੀਨਰ **ਪ੍ਰੋ. ਜਤਿੰਦਰ ਕੌਰ** ਦੀ ਦੇਖ-ਰੇਖ ਅਧੀਨ ਮਿਤੀ 18 ਫ਼ਰਵਰੀ 2020 ਨੂੰ ਕਾਲਜ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਮੈਂਬਰਾਂ ਦਾ**ਫ਼੍ਰੀ ਅੱਖਾਂ ਦਾ ਟੈਸਟ ਅਤੇ ਹੱਡੀਆਂ ਵਿੱਚ ਮਿਨਰਲ ਦੀ ਮਾਤਰਾ ਦਾ ਟੈਸਟ (ਬੋਨ ਮਿਨਰਲ ਡੈਨਸਿਟੀ)** ਕਰਵਾਇਆ ਗਿਆ।

## 65. ਬੱਡੀਜ਼ ਗਰੁੱਪ:

**ਡਾ. ਗੋਰਖ ਸਿੰਘ** ਦੀ ਦੇਖ-ਰੇਖ ਅਧੀਨ ਚੱਲ ਰਹੇ ਬੱਡੀਜ਼ ਗਰੌਪ ਵੱਲੋਂ ਮਿਤੀ 20 ਅਗਸਤ

2019 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ **ਡਾ. ਸ਼ਿਵਜੋਤ ਕੌਰ** ਦਾ **Drug Abuse** ਵਿਸ਼ੇ ’ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 6 ਸਤੰਬਰ 2019 ਨੂੰ **Drug Abuse Prevention**ਵਿਸ਼ੇ ’ਤੇ ਸੀਨੀਅਰ ਬੱਡੀਜ਼ ਲਈ **ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ **ਡਾ. ਮਮਤਾ ਸ਼ਰਮਾ** ਇੰਚਾਰਜ ਪੰਜਾਬ ਨੇ ਮੁੱਖ ਮਹਿਮਾਨ ਦੇ ਤੌਰ ’ਤੇ ਸ਼ਿਰਕਤ ਕੀਤੀ।

ਮਿਤੀ 24 ਅਕਤੂਬਰ 2019 ਨੂੰ ਆਯੋਜਿਤ ਕੀਤੀ ਗਈ ਵਰਕਸ਼ਾਪ ਦੌਰਾਨ ਭੂਗੋਲ ਵਿਭਾਗ ਦੇ ਮੁਖੀ ਅਤੇ ਬੱਡੀਜ਼ ਗਰੁੱਪ ਦੇ ਨੋਡਲ ਅਫ਼ਸਰ **ਡਾ. ਗੋਰਖ ਸਿੰਘ** ਨੇ **ਵਿਦਿਆਰਥੀਆਂ ਦੇ ਬੌਧਿਕ ਵਿਕਾਸ ਉੱਤੇ ਨਸ਼ਿਆਂ ਦਾ ਪ੍ਰਭਾਵ** ਵਿਸ਼ੇ ’ਤੇ ਲੈਕਚਰ ਦਿੱਤਾ।

ਮਿਤੀ 8 ਨਵੰਬਰ 2019 ਨੂੰ ਆਯੋਜਿਤ ਕੀਤੀ ਗਈ **ਡਰੱਗ ਮੌਨੀਟਰਿੰਗ ਕਮੇਟੀ** ਅਧੀਨ ਵਿਦਿਆਰਥੀਆਂ ਦੇ ਮਾਪਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਮਿਤੀ 14 ਨਵੰਬਰ 2019 ਨੂੰ **ਬੱਡੀਜ਼ ਡੇ** ਮਨਾਇਆ ਗਿਆ। ਇਸ ਮੌਕੇ **ਡਾ. ਤਰਲੋਚਨ ਸਿੰਘ ਮਹਾਜਨ** ਦਾ **ਨਸ਼ਿਆਂ ਦੇ ਮਾੜੇ ਪ੍ਰਭਾਵਾਂ** ਬਾਰੇ **ਲੈਕਚਰ** ਕਰਵਾਇਆ ਗਿਆ।

ਮਿਤੀ 3 ਫ਼ਰਵਰੀ 2020 ਨੂੰ CRRID Chandigarh ਤੋਂ ਡਾ. ਰਣਜੀਤ ਸਿੰਘ ਘੁੰਮਣ ਦਾ **Dynamics of Drug Addiction and Abuse in Punjab: Social Economics and Political Implications** ਵਿਸ਼ੇ ’ਤੇ **ਲੈਕਚਰ ਕਰਵਾਇਆ** ਗਿਆ।

### 66. ਲਾਇਬ੍ਰੇਰੀ

ਇਸ ਸੈਸ਼ਨ ਦੌਰਾਨ ਲਾਇਬ੍ਰੇਰੀ ਵਾਸਤੇ ਹੁਣ ਤੱਕ**97,66,940ਰੁ.** ਦੀਆਂ **2371** ਨਵੀਆਂ ਕਿਤਾਬਾਂ ਖਰੀਦੀਆਂ ਗਈਆਂ। ਇਸ ਨਾਲ ਕਿਤਾਬਾਂ ਦੀ ਕੁਲ ਗਿਣਤੀ **45000** ਹੋ ਗਈ ਹੈ। ਕਾਲਜ ਵਿਦਿਆਰਥੀਆਂ, ਅਧਿਆਪਨ ਅਤੇ ਗੈਰ ਅਧਿਆਪਨ ਅਮਲੇ ਨੂੰ ਹੁਣ ਤਕ (ਮਿਤੀ 30-07-2020) **8607** ਕਿਤਾਬਾਂ ਜਾਰੀ ਕੀਤੀਆਂ ਗਈਆਂ। ਪੀ.ਟੀ.ਏ. ਫੰਡ ਵਿਚੋਂ ਕਾਲਜ ਦੇ ਹੋਣਹਾਰ ਅਤੇ ਲੋੜਵੰਦ **145 ਵਿਦਿਆਰਥੀਆਂ** ਨੂੰ **510 ਕਿਤਾਬਾਂ**ਜਿਨ੍ਹਾਂ ਦੀ ਕੀਮਤ 75092/-ਰੁ. ਹੈ, ਪੂਰੇ ਸੈਸ਼ਨ ਲਈ ਮੁਫ਼ਤ ਜਾਰੀ ਕੀਤੀਆਂ ਗਈਆਂ। ਲਾਇਬ੍ਰੇਰੀ ਵਿਚ ਵੱਖ ਵੱਖ ਵਿਭਾਗਾਂ ਨਾਲ ਸੰਬੰਧਤ **80 ਜਰਨਲ**

ਅਤੇ ਮੈਗਜ਼ੀਨ ਆਉਂਦੇ ਸਨ। ਇਸ ਸਾਲ **6 ਨਵੇਂ ਜਰਨਲ**ਹੋਰ ਲਗਵਾਏ ਗਏ ਹਨ ਜਿਸ ਨਾਲ ਇਹਨਾਂ ਦੀ ਕੁਲ ਗਿਣਤੀ **86** ਹੋ ਗਈ ਹੈ। ਇਸ ਸਮੇਂ ਲਾਇਬ੍ਰੇਰੀ ਵਿਚ ਅੰਗਰੇਜ਼ੀ, ਹਿੰਦੀ, ਪੰਜਾਬੀ ਭਾਸ਼ਾਵਾਂ ਦੇ **22 ਅਖ਼ਬਾਰ** ਆ ਰਹੇ ਹਨ।ਕਾਲਜ ਲਾਇਬ੍ਰੇਰੀ ਵਿਚ ਤਿੰਨ ਈ-ਰਿਸੋਰਸਜ਼ ਐਨ-ਲਿਸਟ(5900/-), ਜੇ-ਗੇਟ(66198/-), ਡੈਲਨੈੱਟ(13390/-) ਲਏ ਗਏ ਹਨ। ਇਹਨਾਂ ਈ-ਰਿਸੋਰਸਜ਼ ਰਾਹੀ ਬਹੁਤ ਜ਼ਿਆਦਾ ਗਿਣਤੀ ਵਿੱਚ ਈ-ਜਰਨਲਜ਼ ਅਤੇ ਈ-ਕਿਤਾਬਾਂ ਆਨਲਾਈਨ ਦੇਖ ਸਕਦੇ ਹਾਂ।ਲਾਇਬ੍ਰੇਰੀ ਦੇ ਕੰਮਾਂ ਨੂੰ ਵਧੀਆ ਤਰੀਕੇ ਅਤੇ ਤੇਜ਼ੀ ਨਾਲ ਕਰਨ ਲਈ ਲਾਇਬ੍ਰੇਰੀ ਨੂੰ ਆਟੋਮੇਟ ਕੀਤਾ ਗਿਆ। ਕਾਲਜ ਲਾਇਬ੍ਰੇਰੀ ਦਾ ਰਿਕਾਰਡ ਸਰਚ ਕਰਨ ਵਾਸਤੇ ਲਾਇਬ੍ਰੇਰੀ ਓ.ਪੀ.ਏ.ਸੀ. ਨੂੰ ਕਾਲਜ ਦੀ ਵੈਬਸਾਇਟ ਨਾਲ ਜੋੜ ਕੇ ਵੈਬ ਓ.ਪੀ.ਏ.ਸੀ. ਬਣਾਇਆ ਗਿਆ ਹੈ ਤਾਂ ਜੋ ਕੋਈ ਵੀ ਪਾਠਕ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਬੈਠ ਕੇ ਲਾਇਬ੍ਰੇਰੀ ਰਿਕਾਰਡ ਸਰਚ ਕਰ ਸਕੇ। ਕਾਲਜ ਦੀ ਲਾਇਬ੍ਰੇਰੀ ਅਜਿਹੀ ਪਹਿਲੀ ਲਾਇਬ੍ਰੇਰੀ ਹੈ ਜਿੱਥੇ ਇਹ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਚੋਰੀ ਰੋਕਣ ਲਈ RFID(Radio Frequency Identification)ਲਗਾਈ ਗਈ ਹੈ।

**67 ਕਾਲਜ ਮੈਗਜ਼ੀਨ‘ਨਵੀਆਂ ਪੈੜਾਂ’:**

ਵਿਦਿਆਰਥੀਆਂ ਅੰਦਰ ਲੁਕੀ ਸਾਹਿਤਕ ਪ੍ਰਤਿਭਾ ਨੂੰ ਉਭਾਰਨ, ਨਿਖਾਰਨ ਅਤੇ ਉਨ੍ਹਾਂ ਨੂੰ ਸਾਰੇ ਕਾਲਜਾਂ ਵਿੱਚ ਹੋਈਆਂ ਗਤੀਵਿਧੀਆਂ, ਸਰਗਰਮੀਆਂ: ਅਤੇ ਕਾਲਜ ਦੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਸੰਪਾਦਕ **ਡਾ. ਹਰਵਿੰਦਰ ਕੌਰ**, ਉਪ-ਸੰਪਾਦਕ **ਡਾ. ਜੀਵੰਤ ਕੌਰ** ਦੀ ਸੁਚੱਜੀ ਦੇਖ-ਰੇਖ ਹੇਠ ਸਾਲ 2019 ਦਾ ਕਾਲਜ ਮੈਗਜ਼ੀਨ **‘ਨਵੀਆਂ ਪੈੜਾਂ’** ਕੱਢਿਆਂ ਗਿਆ। ਇਸ ਮੈਗਜ਼ੀਨ ਵਿੱਚ **ਡਾ. ਹਰਵਿੰਦਰ ਕੌਰ (ਹਿੰਦੀ)**, **ਡਾ. ਕੋਮਲਦੀਪ ਕੌਰ** (ਕਾਮਰਸ ਐਂਡ ਮੈਨੇਜਮੈਂਟ), **ਡਾ. ਸਰਬਜੀਤ ਸਿੰਘ** (ਪੰਜਾਬੀ), **ਡਾ. ਨਵਦੀਪ ਕੌਰ** (ਅੰਗ੍ਰੇਜ਼ੀ), **ਡਾ. ਨਿਪੁੰਨਜੋਤ ਕੌਰ** (ਸਾਇੰਸ) ਅਤੇ **ਡਾ. ਇਮਤਿਆਜ਼ਾ ਖ਼ਾਨ** (ਖੇਤੀਬਾੜੀ) ਨੇ ਆਪਣੇ-ਆਪਣੇ ਸੈਕਸ਼ਨਾਂ ਦੇ ਅਧਿਆਪਕ ਇੰਚਾਰਜ ਵਜੋਂ ਡਿਊਟੀ ਨਿਭਾਈ।

**ਧੰਨਵਾਦ**

*********